Rising Stars
Reading Planet

# ਆਪਣੇ ਬੱਚੇ ਨਾਲ ਪੜ੍ਹਨ ਲਈ ਗਾਈਡ

## ਘਰ ਵਿੱਚ ਪੜ੍ਹਨ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਤੁਹਾਡੇ ਬੱਚੇ ਦੀ ਮਦਦ ਕਰਨ ਦੇ ਤਰੀਕੇ

- ਫੋਨਿਕਸ (ਧੁਨੀ) ਦੇ ਮਾਅਨੇ ਕੱਢਣੇ
- ਬੁੱਕ ਬੈਂਡਿੰਗ ਬਾਰੇ ਕੀਤੀ ਗਈ ਵਿਆਖਿਆ
- ਸਮਝ ਦੇ ਵਿਕਾਸ ਲਈ ਸੁਝਾਅ

ਇਹ ਸਿਰਲੇਖ *ਰੀਡਿੰਗ ਪਲੈਨੇਟ- ਗਾਇਡ ਟੂ ਰੀਡਿੰਗ ਵਿਦ ਯੋਰ ਚਾਈਲਡ ਚਾਈਲਡ* (10 ਦੇ ਪੈਕ) ਦਾ ਹਿੱਸਾ ਹੈ ISBN: 978-1-47188-857-1
ਟੈਕਸਟ (ਲਿਖਿਤ ਸਾਮਗਰੀ), ਡਿਜ਼ਾਇਨ ਅਤੇ ਖਾਕਾ © 2016 ਰਾਇਜ਼ਿੰਗ ਸਟਾਰਜ਼ ਯੂਕੇ ਲੁਮਿਟਡ (Rising Stars UK Ltd.)

ਪਹਿਲੀ ਵਾਰੀ ਰਾਇਜ਼ਿੰਗ ਸਟਾਰਜ਼ ਯੂਕੇ ਲਿਮਿਟਡ ਵੱਲੋਂ 2016 ਵਿੱਚ ਪ੍ਰਕਾਸ਼ਤ ਕੀਤੀ, ਜੋ ਹੋਡਰ ਐਜੂਕੇਸ਼ਨ ਗਰੁੱਪ ਦਾ ਇੱਕ ਹਿੱਸਾ ਹੈ।
A Hachette UK Company
Carmelite House 50 Victoria Embankment London EC4Y 0DZ
www.risingstars-uk.com
ਪ੍ਰੈਸ ਵਿੱਚ ਜਾਣ ਸਮੇਂ ਸਾਰੇ ਤੱਥ ਦਰੁਸਤ ਹਨ।

ਲੇਖਕ: ਐਬੀਗੇਲ ਸਟੀਲ
ਪ੍ਰਕਾਸ਼ਕ: ਹੈਲੇਨ ਪਾਰਕਰ
ਕਮਿਸ਼ਨਿੰਗ ਐਡੀਟਰ: ਐਮਿਲੀ ਪਿੱਥਰ
ਚਿੱਤਰਕਾਰ: ਡੇਵਿਡ ਅਰੂਮੀ/ਐਸਟਾਉਂਡ
ਅਕਾਦਮਿਕ ਸਲਾਹਕਾਰ: ਪ੍ਰੋਫੈਸਰ ਕਲੇਆ ਵੁੱਡ, ਕੋਵੈਂਟਰੀ ਯੂਨੀਵਰਸਿਟੀ
ਪ੍ਰੋਜੈਕਟ ਮੈਨੇਜਰ: ਸੂ ਵਾਲਟਨ
ਟਾਇਪਸੈਟਿੰਗ: ਸਟੀਵ ਐਵਨਜ਼
ਸੰਪਾਦਕੀ: ਲੁਇਸ ਜੈਕਲਿਨ, ਔਡਰੇ ਸਟੋਕਸ, ਕ੍ਰਿਸਟਨ ਟੇਲਰ
ਪਰੂਫ਼ਰੀਡਰ: ਜੇਨ ਕਾਰ

ਸਾਰੇ ਅਧਿਕਾਰ ਰਾਖਵੇਂ ਹਨ। ਯੂਕੇ ਕਾਪੀਰਾਈਟ ਕਾਨੂੰਨ ਤਹਿਤ ਪ੍ਰਵਾਨਤ ਕਿਸੇ ਵੀ ਵਰਤੋਂ ਤੋਂ ਇਲਾਵਾ, ਪ੍ਰਕਾਸ਼ਕ ਦੀ ਲਿਖਤੀ ਆਗਿਆ ਤੋਂ ਬਗੈਰ ਜਾਂ ਕਾਪੀਰਾਈਟ ਲਾਇਸੈਂਸਿੰਗ ਏਜੰਸੀ ਲਿਮਿਟਡ ਤੋਂ ਲਾਇਸੈਂਸ ਲਏ ਬਗੈਰ, ਇਸ ਪ੍ਰਕਾਸ਼ਨ ਦੇ ਕਿਸੇ ਵੀ ਹਿੱਸੇ ਨੂੰ ਕਿਸੇ ਵੀ ਰੂਪ ਵਿੱਚ ਜਾਂ ਕਿਸੇ ਵੀ ਜ਼ਰੀਏ, ਇਲੈਕਟ੍ਰਾਨਿਕ ਜਾਂ ਮਕੈਨੀਕਲ ਢੰਗ ਨਾਲ, ਜਿਸ ਵਿੱਚ ਫੋਟੋਕਾਪੀ ਕਰਨੀ ਅਤੇ ਰਿਕਾਰਡਿੰਗ ਵੀ ਸ਼ਾਮਲ ਹੈ, ਮੁੜ ਤੋਂ ਪ੍ਰਕਾਸ਼ਤ ਜਾਂ ਟ੍ਰਾਂਸਮਿਟ (ਭੇਜਿਆ) ਨਹੀਂ ਕੀਤਾ ਜਾ ਸਕਦਾ ਜਾਂ ਕਿਸੇ ਵੀ ਸੂਚਨਾ ਸਟੋਰੇਜ ਜਾਂ ਰਿਟਰੀਵਲ (ਦੁਬਾਰਾ ਤੋਂ ਪ੍ਰਾਪਤ ਕਰਨ ਯੋਗ) ਸਿਸਟਮ ਵਿੱਚ ਨਹੀਂ ਰੱਖਿਆ ਜਾ ਸਕਦਾ। ਅਜਿਹੇ ਲਾਇਸੈਂਸ ਦੇ ਅਗਲੇਰੇ ਵੇਰਵੇ (ਰਿਪਰੋਗ੍ਰਾਫਿਕ ਤੇ ਮੁੜ ਤੋਂ ਪ੍ਰਕਾਸ਼ਨ ਲਈ) Copyright Licensing Agency Limited, Saffron House, 6–10 Kirby Street, London EC1N 8TS ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਐਬੀਗੇਲ ਸਟੀਲ ਦੇ ਅਧਿਕਾਰਾਂ, ਜਿਸ ਨੂੰ ਇਸ ਕੰਮ ਦੇ ਲੇਖਕ ਵੱਜੋਂ ਪਹਿਚਾਣ ਕੀਤੀ ਜਾਂਦੀ ਹੈ, ਦਾ ਦਾਅਵਾ ਉਸ ਵੱਲੋਂ ਕਾਪੀਰਾਈਟ, ਡਿਜ਼ਾਇਨ ਅਤੇ ਪੈਟਰਨ ਐਕਟ 1998 ਦੇ ਮੁਤਾਬਕ ਕੀਤਾ ਗਿਆ ਹੈ।

ਇਸ ਕਿਤਾਬ ਲਈ ਬ੍ਰਿਟਿਸ਼ ਲਾਇਬ੍ਰੇਰੀ ਕੈਟਾਲੋਗਿੰਗ-ਇਨ-ਪਬਲੀਕੇਸ਼ਨ ਡੈਟਾ A CIP ਰਿਕਾਰਡ ਬ੍ਰਿਟਿਸ਼ ਲਾਇਬ੍ਰੇਰੀ ਤੋਂ ਉਪਲਬਧ ਹੈ। ਹੈਸ਼ੈਤੇ ਯੂਕੇ ਦੀ ਨੀਤੀ ਅਜਿਹੇ ਕਾਗਜ਼ਾਂ ਦੀ ਵਰਤੋਂ ਕਰਨ ਬਾਰੇ ਹੈ ਜੋ ਕੁਦਰਤੀ, ਨਵੀਨੀਕਰਨ ਯੋਗ ਅਤੇ ਮੁੜ ਤੋਂ ਵਰਤੋਂ ਵਾਲੇ ਉਤਪਾਦ ਹਨ ਅਤੇ ਉਸ ਲਕੜੀ ਤੋਂ ਬਣੇ ਹੁੰਦੇ ਹਨ ਜਿਹਨਾਂ ਨੂੰ ਦੀਰਘਕਾਲੀ ਜੰਗਲਾਂ ਵਿੱਚ ਉਗਾਇਆ ਜਾਂਦਾ ਹੈ। ਦਰਖਤਾਂ ਦੀ ਕਟਾਈ ਅਤੇ ਉਤਪਾਦਨ ਦੀਆਂ ਪ੍ਰਕਿਰਿਆਵਾਂ ਤੋਂ ਮੂਲ ਦੇਸ਼ ਦੇ ਵਾਤਾਵਰਣਕ ਵਿਨਿਯਮਾਂ ਦੇ ਅਨੁਸਾਰ ਹੋਣ ਦੀ ਆਸ ਕੀਤੀ ਜਾਂਦੀ ਹੈ।

ਚੀਨ ਵਿੱਚ ਪ੍ਰਕਾਸ਼ਤ

Rising Stars
Reading Planet

## ਵਿਸ਼ਾ-ਸੂਚੀ


ਰੀਡਿੰਗ ਪਲੈਨਟ *ਵਿੱਚ ਸਵਾਗਤ*! ..... 2

ਪੜ੍ਹਨਾ (ਰੀਡਿੰਗ) ਐਨਾ ਅਹਿਮ ਕਿਉਂ ਹੈ? ..... 3

ਪਾਠਕ੍ਰਮ ਦੀਆਂ ਉਮੀਦਾਂ ਨੂੰ ਸਮਝਣਾ ..... 4

ਬੁੱਕ ਬੈਂਡ ਕੀ ਹਨ? ..... 6

ਆਪਣੇ ਬੱਚੇ ਨਾਲ ਕਿਵੇਂ ਪੜ੍ਹਨਾ ਹੈ ..... 8

ਸ਼ਬਦ-ਰਹਿਤ ਕਿਤਾਬਾਂ ਦੀ ਵਰਤੋਂ ਕਰਨੀ ..... 10

ਫੋਨਿਕ (ਧੁਨੀ) ਨੂੰ ਸਮਝਣਾ ..... 11

ਖੁਸ਼ੀ ਲਈ ਪੜ੍ਹਨ ਨੂੰ ਉਤਸਾਹਿਤ ਕਰਨਾ ..... 12

ਆਪਣੇ ਬੱਚੇ ਦੇ ਪੜ੍ਹਨ ਦੇ ਰਿਕਾਰਡ ਨੂੰ ਵਰਤਣਾ ..... 14

ਸੰਘਰਸ਼ ਕਰ ਰਹੇ ਪਾਠਕਾਂ ਦੀ ਮਦਦ ਕਰਨੀ ..... 15

ਸਮੱਸਿਆ ਦੇ ਹੱਲ ਲਈ ਸੁਝਾਅ ..... 16

ਅਗਲੇਰੀਆਂ ਪੜ੍ਹਨ-ਸਾਮਗਰੀਆਂ ..... 17

# ਰੀਡਿੰਗ ਪਲੈਨੇਟ ਵਿੱਚ ਸਵਾਗਤ!

ਇਹ ਗਾਈਡ ਤੁਹਾਡੇ ਤੱਕ ਇਸ ਲਈ ਪਹੁੰਚੀ ਹੈ ਕਿਉਂਕਿ ਤੁਹਾਡੇ ਬੱਚੇ ਨੇ ਰੀਡਿੰਗ ਪਲੈਨੇਟ ਲੜੀ ਤੋਂ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਹਨ। ਹੋ ਸਕਦਾ ਹੈ ਕਿ ਪਹਿਲਾਂ ਹੀ ਤੁਹਾਨੂੰ ਬੱਚਿਆਂ ਦੇ ਪੜ੍ਹਨ ਲਈ ਸਹਾਇਤਾ ਕਰਨ ਦਾ ਤਜਰਬਾ ਹੋ ਗਿਆ ਹੈ, ਪਰ ਆਪਣੇ ਬੱਚੇ ਨਾਲ ਉਹਨਾਂ ਦੀ ਪੜ੍ਹਨ ਦੀ ਇਸ ਯਾਤਰਾ ਵਿੱਚ ਜਦੋਂ ਤੁਸੀਂ ਸਫਰ ਕਰਦੇ ਹੋ ਤਾਂ ਇਹ ਗਾਈਡ ਤੁਹਾਨੂੰ ਸਹਾਇਕ ਸਲਾਹ, ਸੁਝਾਅ, ਅਤੇ ਤੁਹਾਡੇ ਕੁਝ ਪ੍ਰਸ਼ਨਾਂ, ਜੋ ਤੁਹਾਡੇ ਕੋਲ ਹੋ ਸਕਦੇ ਹਨ, ਦੇ ਉੱਤਰ ਦੇਵੇਗੀ।

ਰੀਡਿੰਗ ਪਲੈਨੇਟ ਪੜ੍ਹਨ ਦੀ ਇੱਕ ਰੋਮਾਂਚਕਾਰੀ ਸਕੀਮ ਹੈ, ਜੋ ਮਾਹਰਾਂ ਦੀ ਇੱਕ ਟੀਮ ਵੱਲੋਂ ਤਿਆਰ ਕੀਤੀ ਗਈ ਹੈ ਜੋ ਤੁਹਾਡੇ ਬੱਚੇ ਦੀ ਪੜ੍ਹਨ ਦੇ ਹੁਨਰਾਂ ਦਾ ਵਿਕਾਸ ਕਰਨ ਅਤੇ ਪੜ੍ਹਨ ਲਈ ਤਾਉਮਰ ਪਿਆਰ ਪੈਦਾ ਕਰਨ ਵਿੱਚ ਮਦਦ ਕਰੇਗੀ। ਇਹ ਲੜੀ ਇਸ ਸਬੰਧੀ ਤਾਜ਼ਾ ਖੋਜ ’ਤੇ ਅਧਾਰਤ ਹੈ ਕਿ ਬੱਚੇ ਕਿਵੇਂ ਪੜ੍ਹਦੇ ਹਨ, ਖਾਸ ਤੌਰ ’ਤੇ ਕਿਸ ਅਜਿਹੀ ਗੱਲ ਬਾਰੇ ਜਿਸ ਨੂੰ ‘ਬੋਲੀ ਲਯ ਸੰਵੇਦਨਸ਼ੀਲਤਾ’ ਕਿਹਾ ਜਾਂਦਾ ਹੈ, ਜਿਸ ਨੂੰ ਸਰਲ ਗਤੀਵਿਧੀਆਂ ਦੀ ਵਰਤੋਂ ਨਾਲ ਸਿਖਾਇਆ ਜਾ ਸਕਦਾ ਹੈ। ਇਹ ਇੱਕ ਅਜੀਬ ਸ਼ਬਦ ਦੀ ਤਰ੍ਹਾਂ ਲੱਗ ਸਕਦੀ ਹੈ ਪਰ ਪੜ੍ਹਨ ਬਾਰੇ ਸਿੱਖਣ ਸਮੇਂ ਬੱਚਿਆਂ ਦੀ ਬੋਲੀ ਅਤੇ ਭਾਸ਼ਾ ਪ੍ਰਤੀ ਸੰਵੇਦਨਸ਼ੀਲਤਾ ਦਾ ਨਿਰਮਾਣ ਅਤੇ ਇਸ ਬਾਰੇ ਸਮਝ ਸੱਚਮੁੱਚ ਮਹੱਤਵਪੂਰਨ ਹੁੰਦੀ ਹੈ।



## ਰੀਡਿੰਗ ਪਲੈਨੇਟ ਚਾਰ ਸਟਰੈਂਡਜ਼ (ਮਿਆਰਾਂ) ਨੂੰ ਮਿਲਾ ਕੇ ਬਣੀ ਹੈ ...

Lift-off – ਸ਼ਬਦ -ਰਹਿਤ ਕਿਤਾਬਾਂ ਇਹ ਯਕੀਨੀ ਬਣਾਉਣ ਲਈ ਕਿ ਸਾਰੇ ਬੱਚੇ ਸ਼ੁਰੂਆਤੀ ਭਾਸ਼ਾ ਦੇ ਲਾਜ਼ਮੀ ਹੁਨਰਾਂ ਦਾ ਵਿਕਾਸ ਕਰਦੇ ਹਨ।

Rocket Phonics – ਰੋਮਾਂਚਕਾਰੀ ਕਿਤਾਬਾਂ ਜੋ ਬੱਚਿਆਂ ਦੀ ਸੰਦਰਭ ਵਾਲੇ ਫੋਨਿਕਸ (ਧੁਨੀ) ਹੁਨਰਾਂ ਦਾ ਅਭਿਆਸ ਕਰਨ ਵਿੱਚ ਮਦਦ ਕਰਦੀਆਂ ਹਨ।

COMET STREET KIDS – ਰੈਵ, ਆਸ਼ਾ, ਟੈਸ ਅਤੇ ਫਿੰਨ, ਕੋਮੇਟ ਸਟ੍ਰੀਟ ਦੇ ਚਾਰ ਦੋਸਤਾਂ, ਦੀਆਂ ਜ਼ਿੰਦਗੀਆਂ ਉੱਤੇ ਅਧਾਰਤ ਰੋਮਾਂਚਕਾਰੀ ਕਹਾਣੀਆਂ।

Galaxy – ਹਰੇਕ ਬੱਚੇ ਦਾ ਧਿਆਨ ਖਿੱਚਣ ਲਈ ਪ੍ਰੇਰਣਾਦਾਇਕ ਕਲਪਿਤ ਕਥਾ (ਗਲਪ), ਅਕਲਪਿਤ ਕਥਾ, ਕਵਿਤਾ ਅਤੇ ਜੀਵਨੀਆਂ।

# ਪੜ੍ਹਨਾ ਐਨਾ ਅਹਿਮ ਕਿਉਂ ਹੈ?

ਇੱਥੇ ਇਸ ਬਾਰੇ ਪੰਜ ਕਾਰਨ ਦਿੱਤੇ ਹਨ ਕਿ ਪੜ੍ਹਨ ਬਾਰੇ ਸਿੱਖਣ ਲਈ ਆਪਣੇ ਬੱਚੇ ਦੀ ਮਦਦ ਕਰਨੀ ਕਿਉਂ ਮਹੱਤਵਪੂਰਨ ਹੈ:

**1 ਪੜ੍ਹਾਈ ਸੰਚਾਰਕ (ਗੱਲਬਾਤ ਦੇ ਆਦਾਨ-ਪ੍ਰਦਾਨ ਦੇ) ਹੁਨਰਾਂ ਦੇ ਵਿਕਾਸ ਵਿੱਚ ਮਦਦ ਕਰਦੀ ਹੈ**

ਪੜ੍ਹਨ ਬਾਰੇ ਸਿੱਖਣ ਨਾਲ ਤੁਹਾਡੇ ਬੱਚੇ ਦੇ ਹੋਰਨਾਂ ਨਾਲ ਸੰਚਾਰ ਕਰਨ, ਅਤੇ ਪਰਸਪਰ-ਗੱਲਬਾਤ ਕਰਨ, ਅਤੇ ਇਸ ਦੇ ਨਾਲ-ਨਾਲ ਬੋਲਣ, ਸੁਣਨ ਅਤੇ ਲਿਖਣ ਦੇ ਹੁਨਰਾਂ ਦੀ ਯੋਗਤਾ ਉੱਤੇ ਸਾਕਾਰਾਤਮਕ ਪ੍ਰਭਾਵ ਪੈ ਸਕਦਾ ਹੈ।

**2 ਪੜ੍ਹਾਈ ਕਲਪਨਾ-ਸ਼ਕਤੀ ਨੂੰ ਪ੍ਰਗਟਾਉਂਦੀ ਹੈ**

ਪੜ੍ਹਾਈ ਰਚਨਾਤਮਕਤਾ ਅਤੇ ਕਲਪਨਾ-ਸ਼ਕਤੀ ਦੀ ਦੁਨੀਆ ਨੂੰ ਪ੍ਰਗਟਾਉਣ ਦਾ ਜ਼ਰੀਆ ਹੈ।
ਜਦੋਂ ਤੁਸੀਂ ਪੜ੍ਹ ਸਕਦੇ ਹੋ ਤਾਂ ਨਵੇਂ ਜਗਤ ਅਤੇ ਨਵੇਂ ਤਜਰਬੇ ਪ੍ਰਾਪਤ ਕਰਨੇ ਦੀਆਂ  ਖੁਸ਼ੀਆਂ ਹੁੰਦੀਆਂ ਹਨ।

**3 ਪੜ੍ਹਨ ਨਾਲ ਸਕੂਲ ਵਿਖੇ ਪ੍ਰਗਤੀ ’ਤੇ ਸਾਕਾਰਾਤਮਕ ਅਸਰ ਪੈਂਦਾ ਹੈ**

ਪੜ੍ਹਨਾ ਤੁਹਾਡੇ ਬੱਚੇ ਦੀ ਸਿੱਖਿਆ ਦਾ ਇੱਕ ਅਹਿਮ ਕਦਮ ਹੈ ਕਿਉਂ ਕਿ ਇਹ ਹੋਰਨਾਂ ਵਿਸ਼ਿਆਂ ਵਿੱਚ ਜਾਣਕਾਰੀ ਨੂੰ ਸਮਝਣ, ਗਹਿਰੀ ਸਮਝ ਦੇ ਅਰਥ ਕੱਢਣ ਅਤੇ ਤੇਜ਼ ਪ੍ਰਗਤੀ ਦੀ ਯੋਗਤਾ ਦਾ ਪ੍ਰਗਟਾਵਾ ਕਰਦਾ ਹੈ।

> “PISA ਦੇ ਨਤੀਜੇ (OECD, 2011) ਇਹ ਦਰਸਾਉਂਦੇ ਹਨ ਕਿ 15 ਦੀ ਉਮਰ ਵਾਲੇ ਜਿਹੜੇ ਬੱਚੇ ਆਨੰਦ ਮਾਣਨ ਲਈ ਹਰ ਰੋਜ਼ ਪੜ੍ਹਦੇ ਹਨ ਉਹ ਉਹਨਾਂ ਬੱਚਿਆਂ ਨਾਲੋਂ ਡੇਢ ਸਾਲ ਅੱਗੇ ਹੁੰਦੇ ਹਨ ਜੋ ਹਰ ਰੋਜ਼ ਨਹੀਂ ਪੜ੍ਹਦੇ ਹਨ।”
>
> *ਰੀਡਿੰਗ ਫਾਰ ਇੰਜੌਇਮੈਂਟ: ਇੱਕ ਸਾਹਿਤ ਸਮੀਖਿਆ* (2016, ਨੈਸ਼ਨਲ ਲਿਟਰੇਸੀ ਟਰੱਸਟ)

**4 ਪੜ੍ਹਨ ਨਾਲ ਮਾਨਸਿਕ ਸਿਹਤ ਅਤੇ ਤੰਦਰੁਸਤੀ ਵਿੱਚ ਸੁਧਾਰ ਹੋ ਸਕਦਾ ਹੈ**

ਮਨਪ੍ਰਚਾਵੇ ਲਈ ਅਕਸਰ ਪੜ੍ਹਨ ਨਾਲ ਤੁਹਾਡੇ ਬੱਚੇ ਦੀ ਤੰਦਰੁਸਤੀ ਵਿੱਚ ਵਾਧਾ ਹੋਣ ਵਿੱਚ ਮਦਦ ਮਿਲਦੀ ਹੈ। ਤੁਹਾਡੇ ਬੱਚੇ ਦੀ ਪੁਸਤਕ ਦੇ ਪਸੰਦੀਦਾ ਕਿਰਦਾਰ (ਚਰਿੱਤਰ) ਅਕਸਰ ਆਦਰਸ਼ ਬਣ ਸਕਦੇ ਹਨ ਅਤੇ ਉਹ ਤੁਹਾਡੇ ਬੱਚੇ ਦੀ ਹੋਰਨਾਂ ਨਾਲ ਹਮਦਰਦੀ ਨੂੰ ਸਮਝਣ ਵਿੱਚ ਮਦਦ ਕਰ ਸਕਦੇ ਹਨ। ਪੜ੍ਹਨ ਨਾਲ ਬੱਚੇ ਹੋਰਨਾਂ ਬੱਚਿਆਂ ਵੱਲੋਂ ਸਾਹਮਣਾ ਕੀਤੀਆਂ ਜਾਂਦੀਆਂ ਸਮੱਸਿਆਵਾਂ ਅਤੇ  ਮੁੱਦਿਆਂ ਨਾਲ ਕਿਵੇਂ ਨਜਿੱਠਣਾ ਹੈ ਬਾਰੇ ਸਿੱਖ ਕਰਦੇ ਹਨ।

**5 ਪੜ੍ਹਨਾ ਜ਼ਿੰਦਗੀ ਦਾ ਮੌਲਿਕ ਹੁਨਰ ਹੈ**

ਆਪਣੇ ਸਮਾਜ ਵਿੱਚ, ਅਸੀਂ ਰੋਜ਼ਾਨਾ ਕੰਮਾਂ ਨੂੰ ਆਤਮ-ਨਿਰਭਰਤਾ ਨਾਲ ਕਰਨ ਲਈ ਪੜ੍ਹਣਯੋਗ ਹੋ ਸਕਣ ’ਤੇ ਨਿਰਭਰ ਕਰਦੇ ਹਾਂ। ਬਹੁਤੇ ਵਿਹਵਾਰਕ ਕਾਰਜ ਪੜ੍ਹਨ ਦੀ ਯੋਗਤਾ ਤੋਂ ਬਗੈਰ ਬਹੁਤ ਚੁਣੌਤੀਪੂਰਨ ਹੋਣਗੇ, ਇਸ ਲਈ ਸ਼ੁਰੂਆਤੀ ਉਮਰ ਵਿੱਚ ਪੜ੍ਹਨ ਦੇ ਹੁਨਰ ਸਿੱਖਣੇ ਮਹੱਤਵਪੂਰਨ ਹੁੰਦੇ ਹਨ।

# ਪਾਠਕ੍ਰਮ ਦੀਆਂ ਉਮੀਦਾਂ ਨੂੰ ਸਮਝਣਾ

ਕਲਪਨਾ-ਸ਼ਕਤੀ ਨੂੰ ਉਜਾਗਰ ਕਰਨ ਲਈ ਪੜ੍ਹਨਾ ਇੱਕ ਗੱਲ ਹੈ, ਪਰ ਪਾਠਕ੍ਰਮ ਦੀਆਂ ਲੋੜਾਂ ਮੁਤਾਬਕ ਤੁਹਾਡੇ ਬੱਚੇ ਨੂੰ ਕੀ ਕਰ ਸਕਣ ਦੀ ਲੋੜ ਹੁੰਦੀ ਹੈ? ਇੱਥੇ ਉਹਨਾਂ ਹੁਨਰਾਂ, ਜਿਹਨਾਂ ਦੇ ਨਿਰਮਾਣ ਲਈ ਅਧਿਆਪਕ ਤੁਹਾਡੇ ਬੱਚੇ ਦੀ ਮਦਦ ਕਰੇਗਾ ਅਤੇ ਉਹਨਾਂ ਟੀਚਿਆਂ ਬਾਰੇ, ਜਿਹਨਾਂ ਲਈ ਉਹ ਇੰਗਲੈਂਡ ਦੇ ਰਾਸ਼ਟਰੀ ਪਾਠਕ੍ਰਮ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਕੰਮ ਕਰਨਗੇ, ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ।

## ਰਿਸੈਪਸ਼ਨ ਵਿੱਚ ਤੁਹਾਡੇ ਬੱਚੇ ਤੋਂ ਕੀ ਆਸ ਕੀਤੀ ਜਾਂਦੀ ਹੈ?

ਅਰਲੀ ਯੀਅਰਜ਼ ਫ਼ਾਊਂਡੇਸ਼ਨ ਸਟੇਜ (EYFS) ਦੇ ਪਾਠਕ੍ਰਮ ਵਿੱਚ ਅੱਗੇ ਦਿੱਤੇ ਮੁਤਾਬਕ ਪੜ੍ਹਨ ਦਾ ਨਿਸ਼ਚਿਤ ਟੀਚਾ ਸ਼ਾਮਲ ਹੈ:

> "ਬੱਚੇ ਸਰਲ ਵਾਕਾਂ ਨੂੰ ਪੜ੍ਹਦੇ ਅਤੇ ਸਮਝਦੇ ਹਨ। ਉਹ ਨਿਯਮਿਤ ਸ਼ਬਦਾਂ ਨੂੰ ਸਮਝਣ ਲਈ ਧੁਨੀ ਸਬੰਧੀ ਜਾਣਕਾਰੀ ਦੀ ਵਰਤੋਂ ਕਰਦੇ ਹਨ ਅਤੇ ਉਹਨਾਂ ਨੂੰ ਸਹੀ ਤਰੀਕੇ ਨਾਲ ਉੱਚੀ ਪੜ੍ਹਦੇ ਹਨ। ਉਹ ਕੁਝ ਆਮ ਅਨਿਯਮਿਤ ਸ਼ਬਦ ਵੀ ਪੜ੍ਹਦੇ ਹਨ। ਉਹਨਾਂ ਨੇ ਜੋ ਪੜ੍ਹਿਆ ਹੈ ਉਸ ਬਾਰੇ ਹੋਰਨਾਂ ਨਾਲ ਗੱਲ ਕਰਦੇ ਸਮੇਂ ਉਹ ਸਮਝ-ਬੂਝ ਦਾ ਪ੍ਰਗਟਾਵਾ ਕਰਦੇ ਹਨ।''

ਪੜ੍ਹਨ ਦੇ ਹੋਰ ਪਹਿਲੂ ਜਿਹਨਾਂ ਨੂੰ ਰਿਸੈਪਸ਼ਨ ਵਿੱਚ ਦੇਖਿਆ ਜਾ ਸਕਦਾ ਹੈ ਜਾਂ ਪੜ੍ਹਾਇਆ ਜਾ ਸਕਦਾ ਹੈ, ਉਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਸ਼ਬਦਾਂ ਵਿੱਚ ਸ਼ੁਰੂਆਤੀ ਧੁਨੀ ਨੂੰ ਸੁਣਨਾ ਅਤੇ ਬੋਲਣਾ
- ਆਵਾਜ਼ ਨੂੰ ਆਸਾਨ ਸ਼ਬਦਾਂ ਵਿੱਚ ਵੰਡਣਾ ਅਤੇ ਉਹਨਾਂ ਨੂੰ ਇਕੱਠਾ ਮਿਲਾਉਣਾ
- ਸ਼ਬਦਾਂ ਅਤੇ ਸਰਲ ਵਾਕਾਂ ਨੂੰ ਪੜ੍ਹਨ ਦੀ ਸ਼ੁਰੂਆਤ ਕਰਨੀ
- ਸ਼ਬਦਾਵਲੀ ਅਤੇ ਬੋਲੀ ਦੀਆਂ ਕਿਸਮਾਂ ਦੀ ਵਰਤੋਂ ਕਰਨੀ ਜੋ ਲਗਾਤਾਰ ਕਿਤਾਬਾਂ ਦੇ ਤਜਰਬੇ ਤੋਂ ਪ੍ਰਭਾਵਿਤ ਹੁੰਦੀਆਂ ਹਨ
- ਵਧਦੀ ਸ਼੍ਰੇਣੀ ਕੀ ਕਿਤਾਬਾਂ ਦਾ ਆਨੰਦ ਮਾਣਨਾ
- ਇਹ ਜਾਣਨਾ ਕਿ ਜਾਣਕਾਰੀ ਨੂੰ ਕਿਤਾਬਾਂ ਅਤੇ ਕੰਪਿਊਟਰਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

# ਅਹਿਮ ਪੜਾਅ 1 ਵਿੱਚ ਤੁਹਾਡੇ ਬੱਚੇ ਤੋਂ ਕਿਸ ਗੱਲ ਦੀ ਆਸ ਕੀਤੀ ਜਾਂਦੀ ਹੈ?

ਪੜ੍ਹਨ ਲਈ ਸਬੰਧੀ ਰਾਸ਼ਟਰੀ ਪਾਠਕ੍ਰਮ ਅਹਿਮ ਪੜਾਅ 1 ਅਤੇ 2
(KS1 and KS2) ਵਿੱਚ ਦੋ ਖੇਤਰਾਂ 'ਤੇ ਧਿਆਨ ਕੇਂਦਰਤ ਕਰਦਾ ਹੈ:

**ਸ਼ਬਦਾਂ ਨੂੰ ਪੜ੍ਹਨਾ** – ਦੋਵੇਂ, ਛਪੇ ਹੋਏ ਅਣਜਾਣ ਸ਼ਬਦਾਂ ਦੇ ਉਚਾਰਣ ਨੂੰ ਸਮਝਣਾ ਅਤੇ ਛਪੇ ਹੋਏ ਪਰਿਚਿਤ ਸ਼ਬਦਾਂ ਦੀ ਪਹਿਚਾਣ ਕਰਨੀ।

**ਧਾਰਨਾ (ਸਮਝ-ਬੂਝ)** – ਬੱਚਿਆਂ ਦੀ ਆਪਣੇ ਬਾਰੇ ਅਤੇ ਜਿਹੜੀ ਦੁਨੀਆਂ ਵਿੱਚ ਉਹ ਰਹਿੰਦੇ ਹਨ ਉਸ ਬਾਰੇ ਜਾਣਕਾਰੀ ਅਤੇ ਸਮਝ ਦਾ ਵਿਕਾਸ ਕਰਨ ਵਿੱਚ ਮਦਦ ਲਈ ਵਿਆਪਕ ਤੌਰ 'ਤੇ ਕਲਪਿਤ-ਕਥਾ ਅਤੇ ਅਕਲਪਿਤ-ਕਥਾ ਨੂੰ ਪੜ੍ਹਨਾ ਤਾਂ ਜੋ ਪੜ੍ਹਨ ਲਈ ਸਮਝ ਅਤੇ ਪਿਆਰ ਪੈਦਾ ਕੀਤਾ ਜਾਵੇ ਅਤੇ ਸਮੁੱਚੇ ਪਾਠਕ੍ਰਮ ਬਾਰੇ ਜਾਣਕਾਰੀ ਹਾਸਲ ਕੀਤੀ ਜਾਵੇ।

ਉਦੇਸ਼ ਹੈ ਕਿ ਸਾਰੇ ਬੱਚੇ:

- ਅਸਾਨੀ ਨਾਲ, ਧਾਰਾਪ੍ਰਵਾਹੀ ਢੰਗ ਨਾਲ ਅਤੇ ਚੰਗੀ ਸਮਝ ਨਾਲ ਪੜਨ
- ਖੁਸ਼ੀ ਅਤੇ ਜਾਣਕਾਰੀ ਦੋਵਾਂ ਨੂੰ ਲੈਣ ਲਈ ਵਿਆਪਕ ਤੌਰ 'ਤੇ ਅਤੇ ਅਕਸਰ ਪੜ੍ਹਨ ਦੀ ਆਦਤ ਦਾ ਵਿਕਾਸ ਕਰਨ
- ਪੜ੍ਹਨ, ਲਿਖਣ ਅਤੇ ਬੋਲੀ ਜਾਂਦੀ ਭਾਸ਼ਾ ਲਈ ਵਿਆਪਕ ਸ਼ਬਦਾਵਲੀ, ਵਿਆਕਰਣ ਦੀ ਸਮਝ ਅਤੇ ਭਾਸ਼ਾਈ ਰਵਾਇਤਾਂ ਦੀ ਜਾਣਕਾਰੀ ਹਾਸਲ ਕਰਨ
- ਸਾਡੇ ਭਰਪੂਰ ਅਤੇ ਵਿਭਿੰਨਤਾ ਵਾਲੇ ਸਾਹਿਤਕ ਵਿਰਸੇ ਦੀ ਸਲਾਹੁਣਾ ਕਰਨ

# ਤੁਹਾਡੇ ਬੱਚੇ ਦੀ ਕਿਵੇਂ ਅਤੇ ਕਦੋਂ ਪਰਖ ਕੀਤੀ ਜਾਵੇਗੀ?

## ਧੁਨੀ ਸਬੰਧੀ ਸਕ੍ਰੀਨਿੰਗ ਦੀ ਜਾਂਚ

ਯੀਅਰ 1 (ਪਹਿਲੇ ਸਾਲ) ਦੇ ਆਖਰ ਵਿੱਚ, ਤੁਹਾਡੇ ਬੱਚੇ ਦੀ ਧੁਨੀ ਸਬੰਧੀ ਸਕ੍ਰੀਨਿੰਗ ਜਾਂਚ ਹੋਵੇਗੀ। ਇਸ ਨੂੰ ਇਸ ਗੱਲ ਦਾ ਮੁਲਾਂਕਣ ਕਰਨ ਲਈ ਤਿਆਰ ਕੀਤਾ ਗਿਆ ਹੈ ਕਿ ਕੀ ਤੁਹਾਡਾ ਬੱਚਾ ਸ਼ਬਦਾਂ ਨੂੰ ਡਿਕੋਡ ਕਰਨਾ (ਪੜ੍ਹਨਾ) ਸਿੱਖ ਗਿਆ ਹੈ, ਪਰ ਇਹ ਸ਼ਬਦਾਂ ਦੇ ਅਰਥਾਂ ਦੀ ਸਮਝ ਬਾਰੇ ਪਰਖ ਕਰਨ ਲਈ ਨਹੀਂ ਹੈ। ਬੱਚਿਆਂ ਨੂੰ ਅਧਿਆਪਕ ਕੋਲ 40 ਸ਼ਬਦਾਂ ਨੂੰ ਉੱਚੀ ਬੋਲ ਕੇ ਪੜ੍ਹਨ ਦੀ ਲੋੜ ਹੋਵੇਗੀ। ਵੀਹ ਅਸਲ ਸ਼ਬਦ ਹੋਣਗੇ, ਅਤੇ ਬਾਕੀ ਨਕਲੀ ਸ਼ਬਦ (ਬਣਾਉਟੀ ਸ਼ਬਦ) ਹੋਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬੱਚੇ ਪੜ੍ਹਨ ਸਮੇਂ ਉਹਨਾਂ ਦੇ ਧੁਨੀ ਦੇ ਹੁਨਰਾਂ ਨੂੰ ਵਰਤਣ, ਨਾ ਕਿ ਉਹਨਾਂ ਦੀ ਯਾਦ ਕਰਨ।

## ਨੈਸ਼ਨਲ ਟੈਸਟ

ਯੀਅਰ 2 (ਦੂਜੇ ਸਾਲ), KS1 ਦੇ ਆਖਰ ਵਿੱਚ, ਹਰੇਕ ਸਾਲ ਮਈ ਦੇ ਪਹਲਿੇ ਮੁਕੰਮਲ ਅਧਆਿਪਨ ਹਫਤੇ ਦੌਰਾਨ ਨੈਸ਼ਨਲ ਟੈਸਟ ਹੁੰਦੇ ਹਨ, ਜੋ ਕਈ ਦਨਿਾਂ ਤੱਕ ਹੁੰਦੇ ਹਨ। ਪੜ੍ਹਨ ਦੇ ਟੈਸਟ ਦਾ ਇੱਕ ਇਮਤਹਿਾਨ ਹੁੰਦਾ ਹੈ, ਜੋ ਇੱਕ ਘੰਟੇ ਤੱਕ ਚਲਦਾ ਹੈ। ਤੁਹਾਡੇ ਬੱਚੇ ਨੂੰ ਤੰਿਨ ਵੱਖ-ਵੱਖ ਟੈਕਸਟਾਂ (ਅਕਸਰ ਇੱਕ ਕਲਪਤਿ-ਕਥਾ, ਇੱਕ ਅਕਲਪਤਿ-ਕਥਾ ਅਤੇ ਇੱਕ ਕਵਤਿਾ) ਬਾਰੇ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਕਹਿਾ ਜਾਵੇਗਾ। ਕੁਝ ਪ੍ਰਸ਼ਨਾਂ ਦੇ ਉੱਤਰ ਖਾਨਆਿਂ ਵੱਿਚ ਸਹੀ ਦਾ ਨਸ਼ਿਾਨ ਲਗਾ ਕੇ ਦੱਿਤੇ ਜਾਣਗੇ, ਅਤੇ ਦੂਜਆਿਂ ਲਈ ਜ਼ਆਿਦਾ ਵਸਿਥਾਰਤ ਲਖਿਤੀ ਉੱਤਰਾਂ ਦੀ ਲੋੜ ਪਏਗੀ। ਪ੍ਰਸ਼ਨ ਗਆਿਨ ਦੀ ਸ਼ਬਦਾਵਲੀ ਅਤੇ ਧਾਰਣਾ (ਸਮਝ) 'ਤੇ ਕੇਂਦਰਤ ਹੋਣਗੇ ਜਸਿ ਵੱਿਚ ਟੈਕਸਟ (ਮੂਲ-ਪਾਠ) ਤੋਂ ਨਚਿੋੜ ਕੱਢਣਾ ਸ਼ਾਮਲ ਹੁੰਦਾ ਹੈ।

# ਬੁੱਕ ਬੈਂਡ ਕੀ ਹਨ?

ਪੜ੍ਹਨ ਸਬੰਧੀ ਬਹੁਤੀਆਂ ਸਕੀਮਾਂ ਆਪਣੀਆਂ ਕਿਤਾਬਾਂ ਦੇ ਪੱਧਰ ਬਾਰੇ ਦੱਸਣ ਲਈ ਰੰਗਦਾਰ ਬੁੱਕ ਬੈਂਡਜ਼ ਦੀ ਵਰਤੋਂ ਕਰਦੀਆਂ ਹਨ। ਪਰ ਇਹਨਾਂ ਰੰਗਾਂ ਦੇ ਕੀ ਅਰਥ ਹੁੰਦੇ ਹਨ? ਕੀ ਹੁੰਦਾ ਹੈ ਜੇ ਤੁਹਾਡਾ ਬੱਚਾ ਯੈਲੋ (ਪੀਲੇ) ਬੈਂਡ ਵਿੱਚ ਹੈ ਅਤੇ ਉਸ ਦਾ ਦੋਸਤ ਗ੍ਰੀਨ (ਹਰੇ) ’ਤੇ? ਤੁਹਾਡੇ ਬੱਚੇ ਨੂੰ ਅਗਲੇ ਬੈਂਡ ਵਿੱਚ ਜਾਣ ਲਈ ਤਿਆਰ ਹੋਣ ਵਾਸਤੇ ਕਿੰਨਾ ਸਮਾਂ ਲੱਗੇਗਾ? ਕੀ ਤੁਹਾਡਾ ਬੱਚਾ ਇਸ ਦੇ ਬਦਲ ਵੱਜੋਂ ਆਪਣੇ ਪਸੰਦੀਦਾ ਰੰਗਾਂ ਨੂੰ ਚੁਣ ਸਕਦਾ ਹੈ? ਬੁੱਕ ਬੈਂਡ ਸ਼ੁਰੂ ਵਿੱਚ ਉਲਝਣ ਭਰੇ ਲੱਗ ਸਕਦੇ ਹਨ, ਪਰ ਉਹਨਾਂ ਦੀ ਪੜ੍ਹਨ ਦੀ ਮੁਸ਼ਕਿਲ ਦੇ ਪੱਧਰ ਮੁਤਾਬਕ ਕਿਤਾਬਾਂ ਨੂੰ ਸਮੂਹਬੱਧ ਕਰਨਾ ਆਮ ਵਿਵਸਥਾ ਹੈ। ਤੁਹਾਡਾ ਬੱਚਾ ਸਭ ਤੋਂ ਹੇਠਲੇ ਪੱਧਰ (ਹਲਕੇ ਜਾਮਣੀ ਜਾਂ ਗੁਲਾਬੀ) ’ਤੇ ਕਿਤਾਬਾਂ ਪੜ੍ਹਨ ਦੀ ਸ਼ੁਰੂਆਤ ਕਰ ਸਕਦਾ ਹੈ, ਅਤੇ ਇੱਕ ਵਾਰੀ ਜਦੋਂ ਉਹਨਾਂ ਦਾ ਅਧਿਆਪਕ ਇਹ ਮਹਿਸੂਸ ਕਰਦਾ ਹੈ ਕਿ ਉਹ ਤਿਆਰ ਹਨ ਤਾਂ ਉਹ ਅਗਲੇ ਬੈਂਡਜ਼ ਵੱਲ ਚਲੇ ਜਾਂਦੇ ਹਨ। ਬੁੱਕ ਬੈਂਡ ਦੀ ਵਰਤੋਂ ਕਰਨ ਨਾਲ ਬੱਚਿਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਇਹ ਜਾਣਨ ਵਿੱਚ ਮਦਦ ਮਿਲਦੀ ਹੈ ਕਿ ਬੱਚੇ ਦੇ ਪੜ੍ਹਨ ਦੇ ਸਫਰ ਦੇ ਹਰੇਕ ਪੜਾਅ ਉੱਤੇ ਕਿਹੜੀਆਂ ਕਿਤਾਬਾਂ ਪੜ੍ਹਨ ਲਈ ਢੁਕਵੀਆਂ ਹਨ। ਇਹ ਗੱਲ ਯਾਦ ਰੱਖਣੀ ਮਹੱਤਵਪੂਰਨ ਹੈ ਕਿ ਇਹ ਸਮਾਪਤ ਕਰਨ ਦੀ ਦੌੜ ਨਹੀਂ ਹੈ, ਅਤੇ ਇਹ ਕਿ ਪੜ੍ਹਾਈ ਸਮਝਣ ਬਾਰੇ ਅਤੇ ਇਸ ਦੇ ਨਾਲ-ਨਾਲ ਸਫਲਤਾਪੂਰਵਕ ਸ਼ਬਦਾਂ ਨੂੰ ਪੜ੍ਹਨ (ਡਿਕੋਡ ਕਰਨ) ਬਾਰੇ ਹੈ।



# ਰੰਗਾਂ ਦਾ ਕੀ ਅਰਥ ਹੁੰਦਾ ਹੈ?

| | |
|---|---|
| ਲਾਇਲਾਕ (ਹਲਕਾ ਜਾਮਣੀ) ਪੱਧਰ 0 | ਇਹ ਕਿਤਾਬਾਂ ਸ਼ਬਦ-ਰਹਿਤ ਹੁੰਦੀਆਂ ਹਨ ਅਤੇ ਬੱਚਿਆਂ ਨੂੰ ਪੜ੍ਹਨ ਲਈ ਤਿਆਰ ਕਰਨ ਵਾਸਤੇ ਪੂਰੀ ਤਰ੍ਹਾਂ ਚਿੱਤਰਾਂ ਨਾਲ ਸਜਾਇਆ ਜਾਂਦਾ ਹੈ। |
| ਪਿੰਕ (ਗੁਲਾਬੀ) A ਪੱਧਰ 1A | ਸਿਖਿਆਰਥੀ ਸਰਲ ਵਾਕਾਂ ਨੂੰ ਪੜ੍ਹਨ ਲਈ ਆਪਣੇ ਆਰੰਭਕ ਸ਼ਬਦ ਪੜ੍ਹਨ ਦੇ ਹੁਨਰਾਂ ਨੂੰ ਅਮਲ ਵਿੱਚ ਲਿਆਉਣਾ ਸ਼ੁਰੂ ਕਰਦੇ ਹਨ। ਹਰੇਕ ਖੱਬੇ ਹੱਥ ਵਾਲੇ ਸਫੇ ’ਤੇ ਇੱਕ ਏਕਲ ਵਾਕ ਹੁੰਦਾ ਹੈ। ਇਹਨਾਂ ਸ਼ੁਰੂਆਤੀ ਪੱਧਰਾਂ ’ਤੇ ਵਿਸ਼ਾ ਕਾਫੀ ਜ਼ਿਆਦਾ ਪਰਿਚਿਤ ਤਜਰਬਿਆਂ ਦੁਆਲੇ ਆਧਾਰਤ ਹੁੰਦਾ ਹੈ |
| ਪਿੰਕ B ਪੱਧਰ 1B | ਪਿੰਕ ਏ ਦੀ ਤਰ੍ਹਾਂ ਹੁੰਦਾ ਹੈ ਪਰ ਹਰੇਕ ਸਫੇ ’ਤੇ ਇੱਕ ਵਾਕ ਦੇ ਨਾਲ। |
| ਰੈਡ (ਲਾਲ)A ਪੱਧਰ 2A | ਸਿਖਿਆਰਥੀ ਥੋੜ੍ਹੇ ਲੰਬੇ ਵਾਕਾਂ ਨੂੰ ਨਜਿੱਠਣ ਲਈ ਆਪਣਾ ਆਤਮ-ਵਿਸ਼ਵਾਸ ਵਧਾ ਰਹੇ ਹੁੰਦੇ ਹਨ। ਇਹਨਾਂ ਕਿਤਾਬਾਂ ਵਿੱਚ ਹਰੇਕ ਸਫੇ ’ਤੇ 1-2 ਇੱਕ ਸਤਰ ਵਾਲੇ ਵਾਕ ਹੁੰਦੇ ਹਨ। |
| ਰੈਡ B ਪੱਧਰ 2B | ਰੈਡ ਏ ਦੀ ਤਰ੍ਹਾਂ, ਪਰ ਵਾਕ ਇੱਕ ਸਤਰ ਤੋਂ ਜ਼ਿਆਦਾ ਲੰਬੇ ਹੋ ਸਕਦੇ ਹਨ। |
| ਯਲੋ (ਪੀਲਾ) ਪੱਧਰ 3 | ਵਾਕ ਥੋੜ੍ਹੇ ਜ਼ਿਆਦਾ ਪੇਚੀਦਾ ਹੁੰਦੇ ਹਨ ਜਿਸ ਵਿੱਚ ਜ਼ਿਆਦਾ ਵਿਕਸਿਤ ਸਟੋਰੀਲਾਈਨ ਅਤੇ ਅਕਲਿਪਤ-ਕਥਾ ਦੇ ਟੈਕਸਟ ਹੁੰਦੇ ਹਨ। |
| ਬਲੂ (ਨੀਲਾ) ਪੱਧਰ 4 | ਟੈਕਸਟ ਦੀ ਮਾਤਰਾ ਨੂੰ ਹੌਲੀ ਹੌਲੀ ਪ੍ਰਤੀ ਸਫੇ ’ਤੇ ਛੇ ਸਤਰਾਂ ਤੱਕ ਵਧਾਇਆ ਜਾਂਦਾ ਹੈ। ਕਿਤਾਬਾਂ ਕੁਝ ਖਿਆਲੀ ਸ਼ਬਦਾਂ ਨੂੰ ਸ਼ਾਮਲ ਕਰ ਸਕਦੀਆਂ ਹਨ ਅਤੇ ਅਕਲਪਿਤ-ਕਥਾ ਵਿੱਚ ਕੁਝ ਉਪ-ਸਿਰਲੇਖ ਸ਼ਾਮਲ ਹੋਣਗੇ। |
| ਗ੍ਰੀਨ (ਹਰਾ) ਪੱਧਰ 5 | ਕਹਾਣੀਆਂ ਪਰਿਚਿਤ ਤਜਰਬਿਆਂ ’ਤੇ ਘੱਟ ਨਿਰਭਰ ਹੁੰਦੀਆਂ ਹਨ ਅਤੇ ਜ਼ਿਆਦਾ ਗੂੜ੍ਹ ਹਾਸਰਸ ਅਤੇ ਸ਼ੰਕਾ ਸ਼ਾਮਲ ਕਰਨਗੀਆਂ। ਵੱਡੀ ਗਿਣਤੀ ਵਿੱਚ ਕਿਰਦਾਰ ਹੁੰਦੇ ਹਨ, ਅਤੇ ਘਟਨਾਵਾਂ ਕਈ ਵਾਰੀ ਕਈ ਸਫਿਆਂ ਤੱਕ ਜਾਰੀ ਰਹਿੰਦੀਆਂ ਹਨ। |
| ਆਰੇਂਜ (ਸੰਗਤਰੀ) ਪੱਧਰ 6 | ਟੈਕਸਟ ਦਾ ਅਰਥ ਅਜੇ ਵੀ ਸਪਸ਼ਟ ਹੁੰਦਾ ਹੈ, ਪਰ ਪਾਠਕਾਂ ਨੂੰ ਸ਼ਾਬਦਿਕ ਵਿਆਖਿਆਵਾਂ ਦੀ ਲੋੜ ਤੋਂ ਬਗੈਰ ਸਮਝਣ ਦੇ ਯੋਗ ਹੋਣਾ ਚਾਹੀਦਾ ਹੈ। |
| ਟਰਕੋਇਜ਼ (ਫਿਰੋਜ਼ੀ) ਪੱਧਰ 7 | ਕਿਤਾਬਾਂ ਵਿੱਚ ਲੰਬੇ ਵਿਵਰਨ ਸ਼ਾਮਲ ਹੁੰਦੇ ਹਨ ਅਤੇ ਇਸ ਵਿੱਚ ਵਿਆਪਕ ਪ੍ਰਕਾਰ ਦੇ ਵਿਸ਼ਰਾਮ ਚਿੰਨ੍ਹ ਅਤੇ ਅਸਧਾਰਣ ਸ਼ਬਦਾਵਲੀ ਹੁੰਦੀ ਹੈ। |
| ਪਰਪਲ (ਜਾਮਣੀ) ਪੱਧਰ 8 | ਪਾਠਕ ਮਜਮੂਨਾਂ ਨੂੰ ਸਮਝ ਸਕਦੇ ਹਨ ਅਤੇ ਕਿਤਾਬਾਂ ਵਿੱਚ ਛੋਟੇ ਅਧਿਆਏ ਹੋ ਸਕਦੇ ਹਨ। ਪਾਠਕਾਂ ਕੋਲ ਕਿਰਦਾਰਾਂ ਬਾਰੇ ਪ੍ਰਸ਼ਨ ਪੁੱਛਣ ਅਤੇ ਉੱਤਰ ਲਈ ਜ਼ਿਆਦਾ ਮੌਕੇ ਹੁੰਦੇ ਹਨ। |
| ਗੋਲਡ (ਸੁਨਹਿਰਾ) ਪੱਧਰ 9 | ਕਿਤਾਬਾਂ ਵਿੱਚ ਵਾਕ ਦੀ ਬਣਤਰ ਚੁਣੌਤੀਪੂਰਨ ਹੁੰਦੀ ਹੈ , ਜਿਸ ਵਿੱਚ ਪ੍ਰਤੀ ਪੰਨੇ ’ਤੇ ਜ਼ਿਆਦਾ ਅਪਰਿਚਿਤ ਸ਼ਬਦ ਹੁੰਦੇ ਹਨ। ਕਿਰਦਾਰ ਜ਼ਿਆਦਾ ਸਪਸ਼ਟ ਅਤੇ ਪੂਰੀ ਤਰ੍ਹਾਂ ਨਾਲ ਵਿਕਸਿਤ ਹੁੰਦੇ ਹਨ |
| ਵਾਇਟ (ਸਫੈਦ) ਪੱਧਰ 10 | ਪਾਠਕਾਂ ਨੂੰ ਹੈਰਾਨੀ ਹੋ ਸਕਦੀ ਹੈ ਜਾਂ ਉਹਨਾਂ ਦੀਆਂ ਉਮੀਦਾਂ ਨੂੰ ਚੁਣੌਤੀ ਮਿਲਦੀ ਹੈ। ਇੱਕ ਤੋਂ ਵੱਧ ਨਜ਼ਰੀਏ ਪੇਸ਼ ਕੀਤੇ ਜਾ ਸਕਦੇ ਹਨ ਅਤੇ ਜਾਣਕਾਰੀ ਵਿਸਥਾਰ ਦੇਣ ਦੀ ਬਜਾਏ ਸੁਝਾਅ-ਆਤਮਕ (ਸੰਕੇਤਾਤਮਕ) ਹੁੰਦੀ ਹੈ। |

# ਆਪਣੇ ਬੱਚੇ ਨਾਲ ਕਿਵੇਂ ਪੜ੍ਹਨਾ ਹੈ

ਤੁਸੀਂ ਇਹ ਜਾਣ ਸਕਦੇ ਹੋ ਕਿ ਘਰ ਵਿੱਚ ਪੜ੍ਹਨ ਲਈ ਸਹਾਇਤਾ ਕਰਨੀ ਅਤੇ ਉਤਸਾਹਿਤ ਕਰਨਾ ਸੱਚਮੁੱਚ ਮਹੱਤਵਪੂਰਨ ਹੁੰਦਾ ਹੈ, ਪਰ ਉਸ ਵੇਲੇ ਕੀ ਕਰਨ ਦੀ ਲੋੜ ਹੁੰਦੀ ਹੈ ਜਦੋਂ ਤੁਹਾਡਾ ਬੱਚਾ ਇੱਕ ਕਿਤਾਬ ਘਰ ਲਿਆਉਂਦਾ ਹੈ, ਅਤੇ ਜਿੱਥੋਂ ਅਧਿਆਪਕ ਨੇ ਛੱਡਿਆ ਸੀ ਤੁਸੀਂ ਉੱਥੋਂ ਕਿਵੇਂ ਅੱਗੇ ਵੱਧ ਸਕਦੇ ਹੋ? *ਰੀਡਿੰਗ ਫਾਰ ਇੰਜੌਇਮੈਂਟ: ਏ ਲਿਟਰੇਚਰ ਰਿਵਿਊ* (2016, ਨੈਸ਼ਨਲ ਲਿਟਰੇਸੀ ਟਰੱਸਟ) ਦੇ ਪ੍ਰਮੁੱਖ ਜਾਂਚ-ਨਤੀਜਿਆਂ ਦਾ ਸਾਰ ਇਹ ਦਿਖਾਉਂਦਾ ਹੈ ਕਿ ਤੁਸੀਂ ਸੱਚਮੁੱਚ ਕਿਵੇਂ ਫਰਕ ਲਿਆ ਸਕਦੇ ਹੋ।

"ਮਾਪਿਆਂ ਦੀਆਂ ਧਾਰਣਾਵਾਂ, ਰਵੱਈਆ ਅਤੇ ਵਿਹਵਾਰ ਉਹਨਾਂ ਦੇ ਬੱਚੇ ਦੀ ਮਨਪ੍ਰਚਾਵੇ ਵਾਸਤੇ ਪੜ੍ਹਾਈ ਨਾਲ ਸਿੱਧੇ ਤੌਰ 'ਤੇ ਜੁੜਦੇ ਹਨ ਅਤੇ ਉਹਨਾਂ ਨੂੰ ਪੜ੍ਹਨ ਸਬੰਧੀ ਜ਼ਿਆਦਾ ਅੰਕਪ੍ਰਾਪਤ ਕਰਨ ਅਤੇ ਪੜ੍ਹਨ ਦੀਆਂ ਜ਼ਿਆਦਾ ਪ੍ਰੇਰਣਾਵਾਂ ਨਾਲ ਜੋੜਿਆ ਜਾਂਦਾ ਹੈ।''

*ਰੀਡਿੰਗ ਫਾਰ ਇੰਜੌਇਮੈਂਟ: ਏ ਲਿਟਰੇਚਰ ਰਿਵਿਊ* (2016, ਨੈਸ਼ਨਲ ਲਿਟਰੇਸੀ ਟਰੱਸਟ)

ਆਪਣੇ ਬੱਚੇ ਨਾਲ ਪੜ੍ਹਨ ਸਮੇਂ ਸਫਲਤਾ ਲਈ ਪੰਜ ਕਦਮ ਦਿੱਤੇ ਹਨ:

## 1 ਰੂਟੀਨ ਬਣਾਓ

ਬੈਠ ਕੇ ਇਕੱਠਿਆਂ ਪੜ੍ਹਨ ਦਾ ਆਨੰਦ ਮਾਣਨ ਲਈ ਬਿਲਕੁਲ ਸਹੀ ਪਲ ਲੱਭਣਾ ਮੁਸ਼ਕਿਲ ਹੋ ਸਕਦਾ ਹੈ। ਜੇ ਤੁਸੀਂ ਕਰ ਸਕਦੇ ਹੋ, ਤਾਂ ਹਰ ਰੋਜ਼ ਇੱਕੋ ਸਮੇਂ ਪੜ੍ਹਨ ਦਾ ਰੂਟੀਨ ਬਣਾਓ ਤਾਂ ਜੋ ਤੁਹਾਡੇ ਵੱਲੋਂ ਰੋਜ਼ਾਨਾ ਪੜ੍ਹਨ ਦੇ ਸੈਸ਼ਨ 'ਤੇ ਬਣੇ ਰਹਿਣ ਦੀ ਜ਼ਿਆਦਾ ਸੰਭਾਵਨਾ ਹੋਵੇ। ਰਾਤ ਨੂੰ ਸੌਣ ਸਮੇਂ ਇਕੱਠਿਆਂ ਪੜ੍ਹਨਾ ਇੱਕ ਲੋਕਪ੍ਰਿਯ ਚੋਣ ਹੋ ਸਕਦੀ ਹੈ, ਪਰ ਜੇ ਤੁਹਾਡਾ ਬੱਚਾ ਸ਼ਾਮ ਸਮੇਂ ਕਾਫੀ ਥੱਕਿਆ ਹੋਇਆ ਹੁੰਦਾ ਹੈ ਤਾਂ ਤੁਸੀਂ ਦੇਖ ਸਕਦੇ ਹੋ ਕਿ ਸਵੇਰ ਸਮੇਂ ਜਲਦੀ ਜਾਂ ਸਕੂਲ ਤੋਂ ਬਾਅਦ ਵਾਲੇ ਸੈਸ਼ਨ ਜ਼ਿਆਦਾ ਸਫਲ ਹੋ ਸਕਦੇ ਹਨ।

## 2 ਥੋੜ੍ਹਾ ਅਤੇ ਅਕਸਰ ਪੜ੍ਹਨ ਲਈ ਸਮਾਂ ਕੱਢੋ

ਇਕੱਠਿਆਂ ਪੜ੍ਹਨ ਲਈ ਜ਼ਿਆਦਾ ਸਮਾਂ ਨਹੀਂ ਲਗਾਉਣਾ ਚਾਹੀਦਾ; ਇੱਕ ਦਿਨ ਵਿੱਚ ਮਹਿਜ਼ ਦੱਸ ਮਿੰਟ ਹਾਂ-ਪੱਖੀ ਅਸਰ ਪਾਉਂਦੇ ਹਨ। ਜੇ ਤੁਹਾਡਾ ਬੱਚਾ ਸੱਚਮੁੱਚ ਰੀਡਿੰਗ ਸੈਸ਼ਨ ਵਿੱਚ ਰੁੱਝਿਆ ਹੁੰਦਾ ਹੈ, ਤਾਂ ਇਸ ਨੂੰ ਲੰਬੇ ਸਮੇਂ ਲਈ ਜਾਰੀ ਰੱਖੋ, ਪਰ ਜੇ ਉਹ ਸਕੂਲ ਵਿੱਚ ਵਿਅਸਤ ਦਿਨ ਹੋਣ ਕਰਕੇ ਥੱਕੇ ਹੋਏ ਹੁੰਦੇ ਹਨ (ਜਾਂ ਜੇ ਤੁਸੀਂ ਕੰਮ 'ਤੇ ਵਿਅਸਤ ਦਿਨ ਤੋਂ ਬਾਅਦ ਥੱਕੇ ਹੁੰਦੇ ਹੋ...) ਤਾਂ ਰੂਟੀਨ ਕਾਇਮ ਰੱਖਣ ਲਈ ਮਹਿਜ਼ ਕੁਝ ਸਫੇ ਪੜ੍ਹੋ।

## 3 ਪੜ੍ਹਨ ਦਾ ਮਾਹੌਲ ਬਣਾਓ

ਪੜ੍ਹਨ ਲਈ ਸਿੱਖਣਾ ਮੁਸ਼ਕਿਲ ਹੋ ਸਕਦਾ ਹੈ ਅਤੇ ਉਸ ਸਮੇਂ ਇਹ ਜ਼ਿਆਦਾ ਮੁਸ਼ਕਿਲ ਮਹਿਸੂਸ ਹੁੰਦਾ ਹੈ ਜਦੋਂ ਘਰ ਵਿੱਚ ਧਿਆਨ-ਭੰਗ ਕਰਨ ਵਾਲੀਆਂ ਬਹੁਤ ਸਾਰੀਆਂ ਗੱਲਾਂ ਹੋਣ। ਸ਼ਾਂਤ ਜਗ੍ਹਾ ਲੱਭਣ ਦੀ ਕੋਸ਼ਿਸ਼ ਕਰੋ - ਟੀਵੀ, ਭੈਣ-ਭਰਾ ਜਾਂ ਪਾਲਤੂ ਜਾਨਵਰਾਂ ਦਾ ਸ਼ੋਰ ਨਹੀਂ ਹੋਣਾ ਚਾਹੀਦਾ। ਇਸ ਤੋਂ ਇਲਾਵਾ ਅਜਿਹੀ ਜਗ੍ਹਾ 'ਤੇ ਆਰਾਮਦੇਹ ਢੰਗ ਨਾਲ ਰਹਿਣ ਬਾਰੇ ਸੋਚੋ ਜਿੱਥੇ ਕਾਫੀ ਰੌਸ਼ਨੀ ਹੁੰਦੀ ਹੈ। ਆਰਾਮ ਮਹਿਸੂਸ ਕਰਨ ਨਾਲ ਤੁਹਾਡੇ ਬੱਚੇ ਨੂੰ ਤਜ਼ਰਬੇ ਦਾ ਹੋਰ ਵੀ ਜ਼ਿਆਦਾ ਆਨੰਦ ਮਿਲਣ ਵਿੱਚ ਮਦਦ ਮਿਲੇਗੀ।

### 4 ਆਰਾਮਦੇਹ ਸਥਿਤੀ ਵਿੱਚ ਬੈਠੋ, ਪੜ੍ਹਨ ਵਿੱਚ ਸ਼ਾਮਲ ਹੋਵੋ ਅਤੇ ਸਹਾਇਤਾ ਕਰੋ

ਅਰਾਮ ਨਾਲ (ਟਿਕ ਕੇ) ਬੈਠੋ ਅਤੇ ਇਸ ਬਾਰੇ ਸੋਚੋ ਕਿ ਕੀ ਤੁਸੀਂ ਦੋਵੇਂ ਟੈਕਸਟ ਦੇਖਣ ਲਈ ਵਧੀਆ ਸਥਿਤੀਆਂ ਵਿੱਚ ਹੋ ਅਤੇ ਇਹ ਕਿ ਤੁਸੀਂ ਪੜ੍ਹਨ ਦੇ ਸੈਸ਼ਨ ਦੌਰਾਨ ਲੋੜ ਮੁਤਾਬਕ ਸਹਾਇਤਾ ਕਰ ਸਕਦੇ ਹੋ। ਤੁਹਾਡੀ ਪ੍ਰਮੁੱਖ ਭੂਮਿਕਾ ਸ਼ਬਦ ਦੇ ਪੜ੍ਹਨ/ਡਿਕੋਡਿੰਗ ਦੀ ਦਰੁਸਤਤਾ ਦੀ ਜਾਂਚ ਕਰਨਾ ਹੈ। *ਰੀਡਿੰਗ ਪਲੈਨੇਟ* ਪੁਸਤਕਾਂ ਦੇ ਮੂਹਰਲੇ ਕਵਰ ਦੇ ਅੰਦਰਲੇ ਪਾਸੇ ਦਿੱਤੀਆਂ ਟਿੱਪਣੀਆਂ ਦੀ ਵਰਤੋਂ ਕਰੋ ਤਾਂ ਜੋ ਤੁਹਾਨੂੰ ਟੈਕਸਟ ਬਾਰੇ ਆਪਣੇ ਬੱਚੇ ਨਾਲ ਗੱਲ ਕਰਨ ਸਮੇਂ ਅਤੇ ਵਿਸ਼ੇ ਦਾ ਵੱਧ ਤੋਂ ਵੱਧ ਫਾਇਦਾ ਲੈਣ ਲਈ ਵਿਹਵਾਰਕ ਸੁਝਾਅ ਮਿਲ ਸਕਣ। ਇਹ ਸਫੇ ਪੇਚੀਦਾ ਸ਼ਬਦਾਂ ਨੂੰ ਉਜਾਗਰ ਕਰਦੇ ਹਨ ਅਤੇ ਸਮਝ ਬਣਾਉਣ ਵਾਸਤੇ ਮਦਦ ਲਈ ਕਿਤਾਬਾਂ ਪੜ੍ਹਨ ਤੋਂ ਪਹਿਲਾਂ, ਕਿਤਾਬਾਂ ਪੜ੍ਹਨ ਦੌਰਾਨ ਜਾਂ ਇਸ ਤੋਂ ਬਾਅਦ ਤੁਹਾਡੇ ਬੱਚੇ ਨਾਲ ਵਿਚਾਰ-ਵਟਾਂਦਰਾ ਕਰਨ ਲਈ ਉਦਾਹਾਰਣ ਵਾਲੇ ਪ੍ਰਸ਼ਨ ਪੇਸ਼ ਕਰਦੇ ਹਨ। ਪੜ੍ਹਨ ਲਈ ਤਿਆਰ ਸੁਝਾਅ ਅਤੇ ਕੋਸ਼ਿਸ਼ ਕਰਨ ਲਈ ਗਤੀਵਿਧੀਆਂ ਵੀ ਹੁੰਦੀਆਂ ਹਨ। ਇਹ ਸਰਲ ਗਤੀਵਿਧੀਆਂ ਇਸ ਬਾਰੇ ਤਾਜ਼ਾ ਖੋਜ ਦੇ ਜਾਂਚ-ਨਤੀਜਿਆਂ 'ਤੇ ਆਧਾਰਤ ਹੁੰਦੀਆਂ ਹਨ ਕਿ ਬੱਚੇ ਕਿਵੇਂ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹਨਾ ਸਿੱਖਦੇ ਹਨ।

### 5 ਪੜ੍ਹਨ ਤੋਂ ਬਾਅਦ ਪ੍ਰਸ਼ੰਸਾ ਕਰੋ

ਤੁਹਾਡੇ ਬੱਚੇ ਦੇ ਪੜ੍ਹਨ ਸਮੇਂ ਉਤਸਾਹ ਦੀ ਪੇਸ਼ਕਸ਼ ਕਰਨੀ ਮਹੱਤਵਪੂਰਨ ਹੁੰਦੀ ਹੈ, ਪਰ ਹਰੇਕ ਵਾਰ ਪੜ੍ਹਨ ਤੋਂ ਬਾਅਦ ਘੱਟੋ-ਘੱਟ ਇੱਕ ਪ੍ਰਾਪਤੀ ਲਈ ਆਪਣੇ ਬੱਚੇ ਦੀ ਤਾਰੀਫ ਕਰਨ ਦੀ ਕੋਸ਼ਿਸ਼ ਕਰੋ (ਭਾਵੇਂ ਸੈਸ਼ਨ ਬਹੁਤ ਸਫਲ ਨਹੀਂ ਸੀ)। ਇਹ ਸਾਕਾਰਾਤਮਕ ਢੰਗ ਨਾਲ ਸਮਾਪਤ ਹੁੰਦਾ ਹੈ ਅਤੇ ਤੁਹਾਡੇ ਬੱਚੇ ਦੀ ਅਗਲੇ ਸੈਸ਼ਨ ਦੀ ਉਡੀਕ ਕਰਨ ਵਿੱਚ ਮਦਦ ਕਰਦਾ ਹੈ।

## ਕੀ ਹੁੰਦਾ ਹੈ ਜੇ ਅੰਗਰੇਜ਼ੀ ਤੁਹਾਡੀ ਘਰੇਲੂ (ਜੱਦੀ) ਭਾਸ਼ਾ ਨਹੀਂ ਹੈ?

ਜਿਹਨਾਂ ਪਰਿਵਾਰਾਂ ਦੀ ਪਹਿਲੀ ਭਾਸ਼ਾ ਅੰਗਰੇਜ਼ੀ ਨਹੀਂ ਹੁੰਦੀ ਉਹਨਾਂ ਲਈ ਇੱਥੇ ਆਪਣੇ ਬੱਚੇ ਦੀ ਪੜ੍ਹਨ ਵਿੱਚ ਮਦਦ ਲਈ ਕੁਝ ਵਧੀਕ ਸੁਝਾਅ ਦਿੱਤੇ ਹਨ:

★ ਜਦੋਂ ਤੁਹਾਡਾ ਬੱਚਾ ਤੁਹਾਨੂੰ ਅੰਗਰੇਜ਼ੀ ਵਿੱਚ ਪੜ੍ਹ ਕੇ ਸੁਣਾਉਂਦਾ ਹੈ ਤਾਂ ਉਸ ਤੋਂ ਬਾਅਦ ਆਪਣੀ ਘਰੇਲੂ ਭਾਸ਼ਾ ਵਿੱਚ ਕਿਤਾਬ ਬਾਰੇ ਗੱਲ ਕਰਨਾ ਬਹੁਤ ਅਹਿਮ ਹੁੰਦਾ ਹੈ। ਤੁਸੀਂ ਤਸਵੀਰਾਂ ਬਾਰੇ, ਸ਼ਬਦਾਂ ਦੇ ਅਰਥ ਬਾਰੇ ਗੱਲ ਕਰ ਸਕਦੇ ਹੋ ਅਤੇ ਕਹਾਣੀ ਨੂੰ ਮੁੜ ਤੋਂ ਸੁਣਾ ਸਕਦੇ ਹੋ, ਜਾਂ ਅਕਲਪਿਤ-ਕਥਾ ਵਾਲੀ ਕਿਤਾਬ ਦੇ ਵਿਸ਼ੇ ਨੂੰ ਸੰਖੇਪ ਰੂਪ ਵਿੱਚ ਦੱਸ ਸਕਦੇ ਹੋ। ਇਸ ਨਾਲ ਤੁਹਾਡੇ ਬੱਚੇ ਨੂੰ ਆਪਣੇ ਸ਼ਬਦਾਵਾਲੀ ਅਤੇ ਧਾਰਣਾ ਦੇ ਹੁਨਰਾਂ ਦਾ ਵਿਕਾਸ ਕਰਨ ਵਿੱਚ ਮਦਦ ਹੋਵੇਗੀ।

★ ਆਪਣੇ ਬੱਚੇ ਦੀਆਂ ਪੜ੍ਹਨ ਵਾਲੀਆਂ ਕਿਤਾਬਾਂ ਦੇ ਆਡੀਓ ਸੰਸਕਰਨ ਨੂੰ ਲੈਣ ਦੀ ਕੋਸ਼ਿਸ਼ ਕਰੋ, ਤਾਂ ਜੋ ਉਹ ਛਪੇ ਹੋਏ ਅੱਖਰ ਨੂੰ ਸਮਝਣ ਸਮੇਂ ਟੈਕਸਟ ਦੇ ਪੜ੍ਹੇ ਜਾਣ ਨੂੰ ਸੁਣ ਸਕਣ। ਇਹ ਤੁਹਾਡੇ ਬੱਚੇ ਲਈ ਉਚਾਰਨ ਦਾ ਨਮੂਨਾ ਮੁਹੱਈਆ ਕਰੇਗਾ, ਅਤੇ ਇਸ ਤੋਂ ਇਲਾਵਾ ਉੱਚੀ ਬੋਲ ਕੇ ਪੜ੍ਹਨ ਸਮੇਂ ਪ੍ਰਗਟਾਅ ਅਤੇ ਲਯ ਦਾ ਨਮੂਨਾ ਵੀ ਮੁਹੱਈਆ ਕਰੇਗਾ।

★ ਚੰਗੇ ਮਿਆਰ ਵਾਲਾ ਦੋ-ਭਾਸ਼ਾਈ ਸ਼ਬਦਕੋਸ਼ ਵਰਤੋ ਤਾਂ ਜੋ ਤੁਸੀਂ ਉਹਨਾਂ ਸ਼ਬਦਾਂ ਦੇ ਅਰਥ ਲੱਭ ਸਕੋ ਜਿਹਨਾਂ ਨੂੰ ਤੁਸੀਂ ਨਹੀਂ ਜਾਣਦੇ ਹੋ। ਤਸਵੀਰਾਂ ਵਾਲੇ ਸ਼ਬਦਕੋਸ਼ ਵੀ ਅੰਗਰੇਜ਼ੀ ਵਿੱਚ ਨਵੇਂ ਸ਼ਬਦ ਸਿੱਖਣ ਲਈ ਤੁਹਾਡੇ ਬੱਚੇ ਵਾਸਤੇ ਇੱਕ ਦਿਲਪਰਚਾਵੇ ਵਾਲਾ ਤਰੀਕਾ ਹੈ।

★ ਜੇ ਤੁਸੀਂ ਆਪਣੇ ਬੱਚੇ ਨੂੰ ਪੜ੍ਹਾਈਆਂ ਜਾ ਰਹੀਆਂ ਧੁਨੀਆਂ (ਫੋਨਿਕਸ) ਬਾਰੇ ਅਨਿਸ਼ਚਿਤ ਹੋ, ਤਾਂ ਇੰਟਰਨੈਟ ਉੱਤੇ ਬਹੁਤ ਸਾਰੀਆਂ ਧੁਨੀ ਅਧਾਰਤ ਉਚਾਰਣ ਵਾਲੀਆਂ ਵੀਡੀਓ ਗਾਈਡਾਂ ਹਨ ਜੋ ਉਪਯੋਗੀ ਹਵਾਲਾ ਦੇ ਸਕਦੀਆਂ ਹਨ।

★ ਆਪਣੇ ਬੱਚੇ ਦੇ ਸਕੂਲ ਵਿੱਚ ਕਿਸੇ ਵੀ ਅਜਿਹੀਆਂ ਵਰਕਸ਼ਾਪਾਂ ਬਾਰੇ ਪਤਾ ਲਗਾਓ ਜੋ ਈ.ਏ.ਐਲ. (EAL) ਮਾਪਿਆਂ ਦੀ ਸਹਾਇਤਾ ਲਈ ਬਣਾਈਆਂ ਗਈਆਂ ਹਨ।

# ਸ਼ਬਦ-ਰਹਿਤ ਕਿਤਾਬਾਂ ਨੂੰ ਨਜਿੱਠਣਾ

ਕੀ, ਕੋਈ ਸ਼ਬਦ ਨਹੀ? ਹਾਲਾਂਕਿ ਤੁਸੀਂ ਆਪਣੇ ਬੱਚੇ ਨੂੰ ਸ਼ਬਦ-ਰਹਿਤ ਕਿਤਾਬ 'ਪੜ੍ਹ' ਕੇ ਨਹੀਂ ਸੁਣਾ ਸਕਦੇ, ਪਰ ਤੁਸੀਂ ਫੇਰ ਵੀ ਇਕੱਠੇ ਮਿਲ ਕੇ ਕਹਾਣੀਆਂ ਨੂੰ ਸਾਂਝਾ ਕਰ ਸਕਦੇ ਹੋ ਅਤੇ ਇਹਨਾਂ ਦਾ ਆਨੰਦ ਮਾਣ ਸਕਦੇ ਹੋ, ਇਸ ਲਈ ਸ਼ਬਦ-ਰਹਿਤ ਕਿਤਾਬਾਂ ਨੂੰ ਖਾਰਜ ਨਹੀਂ ਕਰਨਾ ਚਾਹੀਦਾ। ਇਹ ਲਾਇਲਾਕ ਬੁੱਕ ਬੈਂਡ ਵਿੱਚ ਹੁੰਦੀਆਂ ਹਨ ਅਤੇ  ਤੁਹਾਡੇ ਬੱਚੇ ਦੇ ਪੜ੍ਹਨ ਦੇ ਸਫਰ ਦੀ ਸ਼ੁਰੂਆਤ ਲਈ ਸੱਚਮੁੱਚ ਪਹਿਲਾ ਅਹਿਮ ਕਦਮ ਹੁੰਦੀਆਂ ਹਨ। *ਰੀਡਿੰਗ ਪਲੈਨੇਟ* ਲਾਇਲਾਕ ਕਿਤਾਬਾਂ ਨੂੰ ਤੁਹਾਡੇ ਬੱਚੇ ਦੇ ਸੰਚਾਰਕ ਅਤੇ ਸੁਣਨ ਦੇ ਹੁਨਰਾਂ ਨੂੰ ਮਜਬੂਤ ਬਣਾਉਣ ਅਤੇ ਪੜ੍ਹਨ ਲਈ ਤਿਆਰ ਕਰਨ ਵਾਸਤੇ ਆਵਾਜਾਂ  ਮੁਆਫਕ ਬਣਾਉਣ ਲਈ ਖਾਸ ਤੌਰ ਤੇ ਤਿਆਰ ਕੀਤਾ ਗਿਆ ਹੈ। ਟੈਕਸਟ ਦੇ ਧਿਆਨ ਵੰਡਾਏ ਜਾਣ ਤੋਂ ਬਗੈਰ, ਬੱਚੇ ਤਸਵੀਰਾਂ ਦੀ ਵਿਆਖਿਆ ਕਰਕੇ ਆਪਣੇ ਖੁਦ ਦੇ ਸ਼ਬਦਾਂ ਵਿੱਚ ਕਹਾਣੀ ਨੂੰ ਮੁੜ ਤੋਂ ਸੁਣਾਉਣ ਬਾਰੇ ਸਿੱਖਦੇ ਹਨ।

**ਆਪਣੇ ਬੱਚੇ ਨਾਲ ਸ਼ਬਦ-ਰਹਿਤ ਕਿਤਾਬਾਂ ਦੀ ਵਰਤੋਂ ਕਰਦਿਆਂ ਮੈਂ ਕਿਵੇਂ ਵੱਧ ਤੋਂ ਵੱਧ ਫਾਇਦਾ ਲੈ ਸਕਦਾ/ਸਕਦੀ ਹਾਂ?**

★ ਆਪਣੇ ਬੱਚੇ ਨੂੰ ਸਿਖਾਓ ਕਿ ਕਿਤਾਬ ਕਿਵੇਂ ਪਕੜਨੀ ਹੈ - ਇਹ ਦੇਖੋ ਇਹ ਕਿਸੇ ਪਾਸੇ ਸਿੱਧੀ ਹੁੰਦੀ ਹੈ; ਇਹ ਦਿਖਾਓ ਕਿ ਕਿਵੇਂ ਅਤੇ ਕਿਸੇ ਪਾਸੇ ਸਫੇ ਨੂੰ ਪਲਟਣਾ ਹੈ; ਦਿਖਾਓ ਕਿ ਕਿਤਾਬ ਨੂੰ ਆਪਣੇ ਚਿਹਰੇ ਤੋਂ ਕਿੰਨੀ ਦੂਰ ਪਕੜਨਾ ਹੈ।

★ ਸਭ ਤੋਂ ਪਹਿਲਾਂ ਜਿਲਦ ਦੇ ਚਿੱਤਰ ਨੂੰ ਦੇਖੋ ਅਤੇ ਇਸ ਬਾਰੇ ਸੋਚੋ ਕਿ ਅੰਦਰ ਕੀ ਹੋ ਸਕਦਾ ਹੈ। ਇਹ ਪਤਾ ਲਗਾਉਣ ਲਈ ਪਿਛਲੇ ਕਵਰ ਅਤੇ ਪੁਸਤਕ-ਪਰਿਚੈ ਨੂੰ ਦੇਖੋ ਕਿ ਕਹਾਣੀ ਕਿਸ ਬਾਰੇ ਹੋਵੇਗੀ। ਮੂਹਰਲੇ ਕਵਰ 'ਤੇ ਲੇਖਕ ਦਾ ਨਾਮ ਦੇਖਣ ਲਈ 'ਲੇਖਕ ਨੂੰ ਲੱਭੋ' ਖੇਡ ਖੇਡੋ।

★ ਆਪਣੇ ਬੱਚੇ ਨੂੰ ਕਿਤਾਬ ਦੇ ਹਰੇਕ ਸਫੇ 'ਤੇ ਧਿਆਨ ਕੇਂਦਰਤ ਕਰਨ ਲਈ ਉਕਸਾਓ - ਤੁਹਾਡੀ ਤਰ੍ਹਾਂ ਉਹ ਵੀ ਸ਼ੁਰੂ ਵਿੱਚ 'ਵਿੱਚੋਂ-ਵਿੱਚੋਂ ਇਸ ਨੂੰ ਛੱਡ ਸਕਦੇ ਹਨ' ਕਿਉਂਕਿ ਇਹਨਾਂ ਵਿੱਚ ਕੋਈ ਸ਼ਬਦ ਨਹੀਂ ਹੁੰਦੇ। ਉਹਨਾਂ ਨੂੰ ਸਪਸ਼ਟ ਰੂਪ ਵਿੱਚ ਦੱਸੋ ਕਿ ਅਸੀਂ ਤਸਵੀਰਾਂ ਬਾਰੇ ਸੋਚ ਕੇ ਬਗੈਰ ਕਿਸੇ ਸ਼ਬਦਾਂ ਤੋਂ ਕਹਾਣੀ ਪੜ੍ਹ ਸਕਦੇ ਹਾਂ

★ ਕਿਤਾਬ ਨੂੰ ਦੇਖਣ ਸਮੇਂ ਕਹਾਣੀ ਬਾਰੇ 'ਪਤਾ ਲਗਾਉਣ' ਲਈ ਰੋਮਾਂਚਤ ਬਣੇ ਰਹੋ। ਤੁਸੀਂ ਆਪਣੇ ਬੱਚੇ ਨੂੰ ਜੋੜਨ ਲਈ ਅਜਿਹੀਆਂ ਗੱਲਾਂ ਕਰਕੇ ਉਤਸੁਕਤਾ ਪੈਦਾ ਕਰ ਸਕਦੇ ਹੋ, *ਮੈਂ ਜਾਣਨਾ ਚਾਹੁੰਦਾ ਹਾਂ ਕਿ ਅੱਗੇ ਕੀ ਹੋਵੇਗਾ?* ਅਤੇ *ਵਾਹ ਇਸ ਗੱਲ ਨੇ ਮੈਨੂੰ ਹੈਰਾਨ ਕਰ ਦਿੱਤਾ!*

★ ਇਹ ਪੁੱਛੋ ਕਿ ਤੁਹਾਡਾ ਬੱਚਾ ਸਫੇ ਉੱਤੇ ਕੀ ਵਾਪਰਦਾ ਹੋਇਆ ਦੇਖ ਸਕਦਾ ਹੈ (ਪਰਿਣਾਮ ਕੱਢਦੇ ਹੋਏ), ਉਹਨਾਂ ਨੂੰ ਕੀ ਲੱਗਦਾ ਹੈ ਕਿ ਅੱਗੇ ਕੀ ਹੋਵੇਗਾ (ਅਨੁਮਾਨ ਲਗਾਉਂਦੇ ਹੋਏ), ਉਹ ਕਿਉਂ ਸੋਚਦੇ ਹਨ ਕਿ ਇਹੀ ਗੱਲ ਹੋ ਰਹੀ ਹੈ (ਤਰਕ ਕਰਦੇ ਹੋਏ) ਅਤੇ ਇਹ ਉਹਨਾਂ ਦੀ ਆਪਣੀ ਜ਼ਿੰਦਗੀ ਨਾਲ ਕਿਵੇਂ ਸਬੰਧਤ ਹੁੰਦਾ ਹੈ (ਲਾਗੂ ਕਰਦੇ ਹੋਏ)।

★ ਵਾਕਾਂ ਦੀ ਅਗਾਊਂ ਬਣਤਰ ਬਣਾਉਣ ਵਿੱਚ ਮਦਦ ਕਰੋ - ਜੇ ਤੁਹਾਡਾ ਬੱਚਾ ਕਹਿੰਦਾ ਹੈ, *ਦੇਖੋ, ਖੇਡ ਰਹੇ ਹਨ!* ਤੁਸੀਂ ਇਸ ਤੋਂ ਬਾਅਦ ਕਹਿ ਸਕਦੇ ਹੋ, *ਹਾਂ, ਦੇਖੋ, ਉਹ ਬੱਚੇ ਰੇਤ ਵਾਲੇ ਗੱਡੇ (ਸੈਂਡਪਿਟ) ਵਿੱਚ ਖੇਡ ਰਹੇ ਹਨ।*

★ ਤੁਸੀਂ 'ਮੌਖਿਕ ਤੌਰ 'ਤੇ ਜੋੜ ਕੇ' ਵੀ ਆਪਣੇ ਬੱਚੇ ਦੀ ਸਹਾਇਤਾ ਕਰ ਸਕਦੇ ਹੋ, ਜੋ ਪੜ੍ਹਨ ਤੋਂ ਪਹਿਲਾਂ ਇੱਕ ਹੁਨਰ ਹੁੰਦਾ ਹੈ ਜੋ ਉਹਨਾਂ ਨੂੰ ਸਕੂਲ ਵਿੱਚ ਆਵਾਜ਼ ਨਾਲ ਪੜ੍ਹਨ ਲਈ ਤਿਆਰ ਕਰਦਾ ਹੈ। ਤਸਵੀਰ ਵੱਚੋਂ ਕਿਸੇ ਚੀਜ਼ ਨੂੰ ਚੁਣੋ, ਮਿਸਾਲ ਲਈ ਟੈਂਟ (tent)। ਆਪਣੇ ਬੱਚੇ ਨੂੰ ਸੁਣਾਉਣ ਲਈ  ਸ਼ਬਦਾਂ ਦੀ ਆਵਾਜ਼ ਨੂੰ ਹੌਲੀ-ਹੌਲੀ ਬੋਲੋ, *t-e-n-t, ਫੇਰ ਆਪਣੇ ਬੱਚੇ ਨੂੰ ਪੂਰਾ ਸ਼ਬਦ* tent (ਟੈਂਟ) ਬੋਲਣ ਲਈ ਉਤਸਾਹਿਤ ਕਰੋ।

# ਫੋਨਿਕ (ਧੁਨੀਆਂ) ਨੂੰ ਸਮਝਣਾ

ਫੋਨਿਕ ਬਾਰੇ ਸੁਣਿਆ ਸੀ, ਪਰ ਨਿਸ਼ਚਿਤ ਤੌਰ 'ਤੇ ਨਹੀਂ ਜਾਣਦੇ ਕਿ ਅਸਲ ਵਿੱਚ ਇਹ ਕੀ ਹੈ? ਇਹ ਉਹ ਗੱਲ ਹੈ ਜਿਸ ਦੀ ਸਭ ਤੋਂ ਵੱਧ ਸੰਭਾਵੀ ਤੌਰ 'ਤੇ ਵਰਤੋਂ ਤੁਹਾਡੇ ਅਧਿਆਪਕ ਵੱਲੋਂ ਤੁਹਾਡੇ ਬੱਚੇ ਨੂੰ ਪੜ੍ਹਨ ਬਾਰੇ ਸਿਖਾਉਣ ਸਮੇਂ ਕੀਤੀ ਜਾਂਦੀ ਹੈ, ਪਰ ਇਹ ਅਜਿਹੀ ਗੱਲ ਹੋ ਸਕਦੀ ਹੈ ਜੋ ਤੁਹਾਨੂੰ ਅਪਰਿਚਿਤ ਲੱਗ ਸਕਦੀ ਹੈ।

ਫੋਨਿਕਸ ਸ਼ਬਦਾਂ ਨੂੰ 'ਪ੍ਰਗਟਾਉਣ' ਅਤੇ ਬੱਚਿਆਂ ਦੀ ਪੜ੍ਹਨ ਵਿੱਚ ਪ੍ਰਗਤੀ ਵਾਸਤੇ ਮਦਦ ਲਈ ਪ੍ਰਭਾਵਸ਼ਾਲੀ ਤਰੀਕਾ ਹੈ। ਜਦੋਂ ਅਸੀਂ ਪੜ੍ਹਦੇ ਹਾਂ ਤਾਂ ਅਸੀਂ ਸਫੇ 'ਤੇ ਅੱਖਰਾਂ ਨੂੰ ਦੇਖਦੇ ਹਾਂ ਅਤੇ ਅਸੀਂ ਉਹਨਾਂ ਆਵਾਜਾਂ ਦਾ ਉਚਾਰਨ ਕਰਦੇ ਹਾਂ ਜਿਹਨਾਂ ਨੂੰ ਉਹ ਦਰਸਾਉਂਦੇ ਹਨ। ਫੇਰ ਅਸੀਂ ਹਰੇਕ ਸ਼ਬਦ ਨੂੰ ਅਰਥ ਨਾਲ ਜੋੜਦੇ ਹਾਂ ਤਾਂ ਜੋ ਇਹ ਸਮਝ ਸਕੀਏ ਕਿ ਟੈਕਸਟ ਸਾਨੂੰ ਕੀ ਕਹਿ ਰਿਹਾ ਹੈ। ਅੰਗਰੇਜ਼ੀ ਵਿੱਚ ਸਾਡੇ ਕੋਲ ਬੋਲੀ ਦੀਆਂ ਲਗਭਗ 44 ਆਵਾਜਾਂ ਹਨ, ਪਰ ਸਾਡੀ ਵਰਣਮਾਲਾ ਵਿੱਚ ਸਿਰਫ 26 ਅੱਖਰ ਹਨ, ਇਸ ਲਈ ਕੁਝ ਆਵਾਜਾਂ ਦੋ, ਤਿੰਨ ਜਾਂ ਇੱਥੋਂ ਤੱਕ ਚਾਰ ਅੱਖਰਾਂ ਨੂੰ ਇਕੱਠੇ ਮਿਲਾ ਕੇ ਬਣਾਇਆਂ ਜਾਂਦੀਆਂ ਹਨ।

ਸ਼ੁਰੂਆਤੀ ਪਾਠਕਾਂ ਨੂੰ ਸਾਧਾਰਨ ਸ਼ਬਦ ਪੜ੍ਹਨ ਲਈ ਇੱਕ ਆਵਾਜ਼ ਨਾਲ ਕੇਵਲ ਇੱਕ ਅੱਖਰ ਮਿਲਾਉਣਾ (ਉਦਾਹਰਣ ਵਜੋਂ 'ਸੈ-ਅ-ਟ' s-a-t) ਸਿਖਾਇਆ ਜਾਂਦਾ ਹੈ। ਫਿਰ ਉਸ ਤੋਂ ਬਾਅਦ, ਬੱਚੇ ਅੱਖਰਾਂ ਤੇ ਆਵਾਜਾਂ ਦੇ 'ਟੁਕੜੇ ਕਰਨਾ' ਅਤੇ ਫਿਰ ਉਨ੍ਹਾਂ ਨੂੰ 'ਜੋੜਨਾ' ਸ਼ੁਰੂ ਕਰ ਦਿੰਦੇ ਹਨ ਅਤੇ ਇੰਝ ਹੀ ਉਹ ਸ਼ਬਦ ਤੋੜਦੇ ਅਤੇ 'ਬਣਾਉਂਦੇ' ਹਨ। ਇਸ ਦਾ ਮਤਲਬ ਹੈ ਕਿ ਉਹ ਆਵਾਜਾਂ ਬੋਲਦੇ ਹਨ, ਖੱਬੇ ਤੋਂ ਸੱਜੇ, ਉਹ ਸਮੁੱਚੇ ਸ਼ਬਦ 'ਸੁਣਨ' ਦੇ ਯੋਗ ਹੁੰਦੇ ਹਨ (ਉਦਾਹਰਣ ਵਜੋਂ 'ਸੈਟ' sat)। ਜਿਵੇਂ-ਜਿਵੇਂ ਬੱਚੇ ਪ੍ਰਗਤੀ ਕਰਦੇ ਹਨ, ਤਾਂ ਕਿਤਾਬਾਂ ਹੋਰ ਜਟਿਲ ਹੁੰਦੀਆਂ ਜਾਂਦੀਆਂ ਹਨ, ਆਵਾਜਾਂ ਨੂੰ ਇੱਕ ਤੋਂ ਵੱਧ ਅੱਖਰਾਂ ਨਾਲ ਪ੍ਰਗਟਾਇਆ ਜਾ ਸਕਦਾ ਹੈ (ਉਦਾਹਰਣ ਵਜੋਂ 'ਸ਼ਾੱਪ' (shop) ਵਿੱਚ 'ਸ਼' (sh)), ਅਤੇ ਕਈ ਵਾਰ ਇੱਕ ਅੱਖਰ ਜਾਂ ਅੱਖਰਾਂ ਦਾ ਇੱਕ ਸਮੂਹ ਵਿਭਿੰਨ ਆਵਾਜਾਂ ਨੂੰ ਦਰਸਾਉਂਦਾ ਹੈ (ਉਦਾਹਰਣ ਵਜੋਂ 'ਕਾਓ' (cow) ਵਿੱਚ 'ਆਓ' (ow) ਅਤੇ 'ਲੋਅ' (low) ਵਿੱਚ 'ਅ' (ow))।

ਧੁਨੀਆਂ ਦਾ ਉਦੇਸ਼ ਹੁੰਦਾ ਹੈ ਕਿ ਬੱਚੇ ਅੱਖਰਾਂ ਅਤੇ ਆਵਾਜਾਂਨੂੰ ਪਛਾਣ ਸਕਣ ਅਤੇ ਉਨ੍ਹਾਂ ਨੂੰ ਅਜਿਹੇ ਧਾਰਾਪ੍ਰਵਾਹੀ ਢੰਗ ਨਾਲ ਬੋਲ ਸਕਣ ਕਿ ਸ਼ਬਦਾਂ ਦੀ ਪਛਾਣ ਆਪਣੇ-ਆਪ ਹੋਣ ਲੱਗ ਪਵੇ। ਭਾਵੇਂ, ਇੱਥੇ ਹੀ ਖ਼ਤਮ ਨਹੀਂ ਹੋ ਜਾਂਦਾ, ਕਿਉਂਕਿ ਬੱਚਿਆਂ ਨੂੰ ਹੋਰ ਜਟਲਿਗੁੰਝਲਦਾਰ ਸ਼ਬਦਾਂ ਤੇ ਕਤਿਾਬਾਂ ਨੂੰ ਸਮਝਣ ਵਚਿੱ ਮਦਦ ਲਈ ਉਨ੍ਹਾਂ ਦੇ ਟੁਕੜੇ ਕਰਨ ਅਤੇ ਫਰਿ ਉਨ੍ਹਾਂ ਦੇ ਜੋੜਨ ਦੇ ਹੁਨਰ ਨੂੰ ਕਾਇਮ ਰੱਖਣ ਦੀ ਲੋੜ ਹੁੰਦੀ ਹੈ।

ਇਹ ਚੇਤੇ ਰੱਖਣਾ ਅਹਮਿ ਹੈ ਕਿ ਬੱਚਆਿਂ ਨੂੰ ਧਾਰਨਾ ਤੇ ਸਮਝ ਦੀ ਮਦਦ ਰਾਹੀਂ ਆਪਣੇ ਧੁਨੀਆਂ ਨਾਲ ਸਬੰਧਤ ਹੁਨਰਾਂ ਦੀ ਲੋੜ ਹੁੰਦੀ ਹੈ, ਤਾਂ ਜੋ ਬਾਲਗਾਂ ਨਾਲ ਗੱਲ ਕਰਦੇ ਸਮੇਂ ਅਤੇ ਪੜ੍ਹਦੇ ਸਮੇਂ ਧਾਰਨਾਵਾਂ ਅਤੇ ਅਰਥਾਂ ਬਾਰੇ ਬੱਚਆਿਂ ਨੂੰ ਮਦਦ ਮਲਿ ਸਕੇ।



# ਖ਼ੁਸ਼ੀ ਲਈ ਪੜ੍ਹਨ ਨੂੰ ਉਤਸਾਹਿਤ ਕਰਨਾ

ਪੜ੍ਹਾਈ ਵਿੱਚ ਵਧੀਆ ਹੋਣ ਤੇ ਸਕੂਲ ਵਿੱਚ ਚੰਗੇ ਗ੍ਰੇਡਜ਼ ਹਾਸਲ ਕਰਨ ਦੇ ਨਾਲ ਨਾਲ, ਇਹ ਵੀ ਸੱਚਮੁੱਚ ਅਹਿਮ ਹੁੰਦਾ ਹੈ ਕਿ ਤੁਹਾਡਾ ਬੱਚਾ ਪੜ੍ਹਨ ਦਾ ਆਨੰਦ ਮਾਣੇ। ਤੁਹਾਡੇ ਬੱਚੇ ਨੂੰ ਖ਼ੁਸ਼ ਹੋ ਕੇ ਪੜ੍ਹਨ ਲਈ ਉਤਸ਼ਾਹਿਤ ਕਰਨ ਵਾਸਤੇ ਇੱਥੇ ਕੁਝ ਪ੍ਰਮੁੱਖ ਸੁਝਾਅ ਦਿੱਤੇ ਜਾਂਦੇ ਹਨ:

1 ਇੱਕ ਚੰਗੇ ਆਦਰਸ਼ ਬਣੋ - ਤੁਸੀਂ ਜਦੋਂ ਪੜ੍ਹ ਰਹੇ ਹੋਵੋ, ਆਪਣੇ ਬੱਚੇ ਨੂੰ ਇਹ ਦੇਖਣ ਦੇਵੋ ਕਿ ਤੁਸੀਂ ਆਪਣੇ ਪੜ੍ਹਨ, ਦਾ ਆਨੰਦਮਾਣਦੇ ਹੋ, ਉਸ ਨੂੰ ਇਹ ਦਰਸਾਓ ਕਿ ਘਰ ਵਿੱਚ ਪੜ੍ਹਨਾ  ਕੇਵਲ 'ਹੋਮਵਰਕ' ਲਈ ਹੀ ਨਹੀਂ ਹੁੰਦਾ।

2 ਆਪਣੇ ਬੱਚੇ ਨੂੰ ਅਜਿਹੀਆਂ ਕਿਤਾਬਾਂ ਦੇਵੋ, ਜਿਨ੍ਹਾਂ ਵਿੱਚ ਉਸ ਨੂੰ ਦਿਲਚਸਪੀ ਹੋਵੇ ਅਤੇ ਘਰ ਵਿੱਚ ਉਸ ਦੇ ਪੜ੍ਹਨ ਲਈ ਕਾਫ਼ੀ ਸਮੱਗਰੀ ਉਪਲਬਧ ਕਰਵਾਓ, ਤਾਂ ਜੋ ਉਹ ਆਪਣੇ ਖ਼ੁਦ ਦੇ ਸਮੇਂ ਅਨੁਸਾਰ ਉਨ੍ਹਾਂ ਵਿੱਚੋਂ ਪੜ੍ਹਨ ਲਈ ਕੁਝ ਚੁਣ ਸਕਣ। ਜੇ ਤੁਹਾਡਾ ਬੱਚਾ ਕਿਸੇ ਇੱਕ ਖ਼ਾਸ ਕਿਤਾਬ ਜਾਂ ਸ਼ੈਲੀ ਨਾਲ ਜੂਝ ਰਿਹਾ ਹੈ, ਤਾਂ ਉਸ ਨੂੰ ਉਸ ਦੀ ਦਿਲਚਸਪੀ ਦਾ ਵਿਸ਼ਾ ਜਾਂ ਚਰਿੱਤਰ ਲੱਭਣ ਵਿੱਚ ਮਦਦ ਕਰੋ, ਭਾਵੇਂ ਇਸ ਦਾ ਅਰਥ ਰਸਾਲੇ ਜਾਂ ਕੌਮਿਕਸ ਪੜ੍ਹਨਾ ਹੀ ਕਿਉਂ ਨਾ ਹੋਵੇ - ਘਰ ਵਿੱਚ ਜਿੰਨੀ ਵੱਧ ਪੜ੍ਹਾਈ ਹੁੰਦੀ ਹੈ, ਓਨਾ ਹੀ ਬਿਹਤਰ ਹੈ!

3 ਤੁਹਾਡਾ ਬੱਚਾ ਜੋ ਵੀ ਪੜ੍ਹਦਾ ਹੈ, ਉਨ੍ਹਾਂ ਕਿਤਾਬਾਂ ਬਾਰੇ ਗੱਲਬਾਤ ਕਰੋ। ਕਿਤਾਬਾਂ ਬਾਰੇ ਸੁਆਲ ਪੁੱਛਣ ਨਾਲ, ਉਤਸ਼ਾਹ ਅਤੇ ਸਮਝ ਵਿਕਸਤ ਕਰਨ ਵਿੱਚ ਮਦਦ ਮਿਲ ਸਕਦੀ ਹੈ।

4 ਆਪਣੇ ਬੱਚੇ ਨੂੰ ਦਿਖਾਓ ਕਿ ਤੁਹਾਡੀ ਉਸ ਦੀਆਂ ਕਿਤਾਬਾਂ ਦੇ ਚਰਿੱਤਰਾਂ ਅਤੇ ਕਹਾਣੀਆਂ ਵਿੱਚ ਦਿਲਚਸਪੀ ਹੈ, ਉਨ੍ਹਾਂ ਚਰਿੱਤਰਾਂ ਬਾਰੇ ਹੋਰ ਜ਼ਿਆਦਾ ਲੱਭਣ ਲਈ ਉਤਸ਼ਾਹ ਭਰਨ ਵਿੱਚ ਮਦਦ ਕਰਨ ਲਈ

5 ਭਾਵੇਂ ਤੁਹਾਡਾ ਬੱਚਾ ਖ਼ੁਦ ਪੜ੍ਹਨ ਯੋਗ ਹੋਵੇ, ਪਰ ਫਿਰ ਵੀ ਉਹਨਾਂ ਨੂੰ ਕਿਤਾਬਾਂ ਪੜ੍ਹ ਕੇ ਸੁਣਾਉਣਾ ਚੰਗਾ ਹੁੰਦਾ ਹੈ। ਤੁਹਾਡੇ ਬੱਚੇ ਦੀ ਮੁਢਲੀ ਉਮਰ ਤੋਂ ਉਹਨਾਂ  ਲਈ ਪੜ੍ਹ ਕੇ ਸੁਣਾਉਂਦੇ ਰਹਿਣ ਨਾਲ ਉਸ ਨੂੰ ਪੜ੍ਹਾਈ ਨਾਲ ਇੱਕ ਸਬੰਧ ਕਾਇਮ ਕਰਨ ਅਤੇ ਉਸ ਦੀ ਇੱਕ ਹਾਂ-ਪੱਖੀ ਯਾਦ ਰੱਖਣ ਵਿੱਚ ਮਦਦ ਮਿਲਦੀ ਹੈ, ਇਸੇ ਲਈ ਤੁਹਾਡਾ ਬੱਚੇ ਲਈ ਲਗਾਤਾਰ ਪੜ੍ਹ ਕੇ ਸੁਣਾਉਂਦੇ ਰਹਿਣਾ, ਖ਼ਾਸ ਕਰ ਕੇ ਰਾਤੀਂ ਸੌਂਦੇ ਸਮੇਂ ਕਹਾਣੀਆਂ ਪੜ੍ਹਨਾ, ਅਹਿਮ ਹੁੰਦਾ ਹੈ।



6 ਪੜ੍ਹਨ ਦੇ ਸੈਸ਼ਨ ਦੌਰਾਨ, ਸਬੰਧਤ ਚਰਿੱਤਰ ਬਣ ਜਾਓ ਅਤੇ ਮਜ਼ਾਕੀਆ ਆਵਾਜ਼ਾਂ ਕੱਢੋ, ਜੇ ਅਜਿਹਾ ਕਰਨ ਨਾਲ ਤੁਹਾਡੇ ਬੱਚੇ ਨੂੰ ਕਹਾਣੀ ਵਿੱਚੋਂ ਆਨੰਦ ਮਿਲਦਾ ਹੈ। ਤੁਸੀਂ ਸਾਰਾ ਦਿਨ ਇੱਕ ਖ਼ਾਸ ਚਰਿੱਤਰ ਬਣੇ ਰਹਿਣ ਦਾ ਨਾਟਕ ਵੀ ਕਰ ਸਕਦੇ ਹੋ।

7 ਜੇ ਪੜ੍ਹਨ ਦੇ ਸੈਸ਼ਨ ਦੌਰਾਨ, ਤੁਸੀਂ ਦੋਵਾਂ ਨੇ ਸੱਚਮੁਚ ਕੋਈ ਕਿਤਾਬ ਪੜ੍ਹਨ ਦਾ ਆਨੰਦ ਮਾਣਿਆ ਸੀ, ਤਾਂ ਉਸ ਨੂੰ ਮੁੜ ਪੜ੍ਹਦੇ ਸਮੇਂ ਨਾ ਝਿਝਕੋ। ਤੁਸੀਂ ਹਰ ਵਾਰ ਕੁਝ ਨਵਾਂ ਸਿੱਖ ਸਕਦੇ ਹੋ।

8 ਕਿਤਾਬਾਂ ਦੀਆਂ ਦੁਕਾਨਾਂ ਵਿੱਚ ਸਮਾਂ ਬਿਤਾਓ, ਕਿਤਾਬਾਂ ਨੂੰ ਦੇਖ ਕੇ ਆਨੰਦ ਮਾਣੋ ਤੇ ਆਪਣੇ ਬੱਚੇ ਨੂੰ ਉਹ ਕਿਤਾਬ ਚੁੱਕਣ ਦੇਵੋ, ਜਿਹੜੀ ਉਸ ਨੂੰ ਵਧੇਰੇ ਉਤੇਜਿਤ ਜਾਪੇ। ਬੱਚਿਆਂ ਵਿੱਚ ਪੜ੍ਹਨ ਦੀ ਰੁੱਚੀ ਪੈਦਾ ਕਰਨ ਵਿੱਚ ਮਦਦ ਲਈ ਬਹੁਤ ਸਾਰੀਆਂ ਦੁਕਾਨਾਂ ਵਿੱਚ ਕਿਤਾਬਾਂ ਨੂੰ ਵਧੀਆ ਢੰਗ ਨਾਲ ਪ੍ਰਦਰਸ਼ਿਤ ਕੀਤਾ ਅਤੇ ਸਜਾਇਆ ਹੁੰਦਾ ਹੈ।

9 ਆਪਣੀ ਸਥਾਨਕ ਲਾਇਬਰੇਰੀ ਦੇ ਸਮਾਰੋਹਾਂ ਵਿੱਚ ਸ਼ਾਮਲ ਹੋਵੋ, ਤਾਂ ਜੋ ਤੁਹਾਡਾ ਬੱਚਾ ਹੋਰਨਾਂ ਬੱਚਿਆਂ ਨਾਲ ਰੋਮਾਂਚਕ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕੇ। ਲਾਇਬਰੇਰੀਆਂ ਵਿੱਚ ਅਕਸਰ ਲੇਖਕਾਂ ਨੂੰ ਵੀ ਸੱਦਿਆ ਜਾਂਦਾ ਹੈ, ਜਿੱਥੇ ਬਹੁਤ ਮਜ਼ਾ ਆ ਸਕਦਾ ਹੈ ਅਤੇ ਪ੍ਰੇਰਨਾ ਵੀ ਮਿਲ ਸਕਦੀ ਹੈ।

10 ਸਕੂਲ ਤੋਂ ਬਾਅਦ ਆਪਣੇ ਬੱਚੇ ਨਾਲ ਗੱਲ ਕਰਦੇ ਸਮੇਂ, ਉਹ ਕਿਤਾਬ ਦੇਖਣ ਲਈ ਉਤਸ਼ਾਹ ਵਿਖਾਓ ਜੋ ਉਹ ਘਰ ਲੈ ਕੇ ਆਇਆ ਹੈ ਅਤੇ ਉਸ ਨੂੰ ਇੰਝ ਦਿਖਾਓ ਕਿ ਤੁਸੀਂ ਇਸ ਬਾਰੇ ਹੋਰ ਸੁਣਨਾ ਚਾਹੁੰਦੇ ਹੋ।

11 ਕਿਤਾਬ ਦੇ ਵਿਸ਼ੇ ਨਾਲ ਸਬੰਧਤ ਕੋਈ ਡ੍ਰਾਇੰਗ ਕਰਨ, ਲਿਖਣ ਅਤੇ ਖੇਡ ਖੇਡਣ ਲਈ ਉਤਸਾਹਿਤ ਕਰੋ। ਇਸ ਨਾਲ ਤੁਹਾਡੇ ਬੱਚੇ ਨੂੰ ਕਹਾਣੀਆਂ ਨਾਲ ਜੁੜਨ ਵਿੱਚ ਮਦਦ ਮਿਲੇਗੀ ਤੇ ਇਹ ਇਸ ਗੱਲ ਨੂੰ ਵੀ ਦਿਖਾਏਗੀ ਕਿ ਪੜ੍ਹਨ ਬਾਰੇ ਸਿੱਖਣਾ ਕੇਵਲ ਸ਼ਬਦਾਂ ਦੀਆਂ ਆਵਾਜ਼ਾਂ ਬਾਰੇ ਜਾਣਨਾ ਹੀ ਨਹੀਂ ਹੁੰਦਾ।

12 ਕੋਸ਼ਿਸ਼ ਕਰੋ ਕਿ 'ਇਕੱਠੇ ਬੈਠ ਕੇ ਪੜ੍ਹਨ ਦੇ ਸਮੇਂ' ਨੂੰ ਦਿਨ ਦਾ ਇੱਕ ਖ਼ਾਸ ਸਮਾਂ ਬਣਾਇਆ ਜਾਵੇ, ਜਿੱਥੇ ਤੁਸੀਂ ਇੱਕ-ਦੂਜੇ ਦੀ ਸੰਗਤ ਵਿੱਚ ਬਹਿ ਕੇ ਗੱਲਬਾਤ ਕਰਦੇ ਅਤੇ ਆਨੰਦ ਮਾਣਦੇ ਹੋ। ਇਸ ਨਾਲ ਤੁਹਾਡੇ ਬੱਚੇ ਨੂੰ ਘਰ ਵਿੱਚ ਪੜ੍ਹਨ ਦੀ ਉਡੀਕ ਕਰਨ ਵਿੱਚ ਮਦਦ ਮਿਲੇਗੀ।

13 ਥੋੜ੍ਹਾ ਅਤੇ ਕਈ ਵਾਰੀ ਪੜ੍ਹਨ ਨਾਲ ਕਈ ਵਾਰੀ ਕੁਝ ਦੁਹਰਾਓ ਵਾਲਾ ਲੱਗ ਸਕਦਾ ਹੈ, ਇਸ ਲਈ ਤਬਦੀਲੀਆਂ ਨੂੰ ਉਤਸਾਹਿਤ ਕਰੋ ਜਿਵੇਂ ਕਿ ਹਰ ਰੋਜ਼ ਘਰ ਦੇ ਕਿਸੇ ਵੱਖਰੇ ਕਮਰੇ ਵਿੱਚ ਪੜ੍ਹੋ।



# ਆਪਣੇ ਬੱਚੇ ਦੇ ਪੜ੍ਹਨ ਦੇ ਰਿਕਾਰਡ ਨੂੰ ਵਰਤਣਾ

ਤੁਹਾਡਾ ਬੱਚਾ ਤੁਹਾਨੂੰ ਪੜ੍ਹਨ ਦਾ ਇੱਕ ਰਿਕਾਰਡ ਦੇ ਸਕਦਾ ਹੈ। ਤੁਸੀਂ ਇਸ ਨੂੰ ਆਪਣੇ ਬੱਚੇ ਨਾਲ ਘਰ ਵਿੱਚ ਭਰਨਾ ਹੁੰਦਾ ਹੈ। ਖ਼ਾਲੀ ਗ੍ਰਿੱਡਜ਼ ਵਾਲੇ ਸਫਿਆਂ ਨੂੰ ਭਰਨਾ ਪਹਿਲੀ ਨਜ਼ਰੇ ਕੁਝ ਮੁਸ਼ਕਿਲ ਜਾਪ ਸਕਦਾ ਹੈ, ਇਸ ਲਈ ਇੱਥੇ ਉਹਨਾਂ ਟਿੱਪਣੀਆਂ ਦੀ ਕਿਸਮਾਂ ਲਈ ਅਜਿਹੇ ਸੁਝਾਅ ਅਤੇ ਮਿਸਾਲਾਂ ਦਿੱਤੀਆਂ ਹਨ ਜੋ ਤੁਸੀਂ ਲਿਖ ਸਕਦੇ ਹੋ:

### ★ ਹਾਂ-ਪੱਖੀਸ਼ਲਾਘਾ

ਤਾਰੀਫ਼ ਨਾਲ ਭਰਪੂਰ ਟਿੱਪਣੀਆਂ ਆਪਣੇ ਬੱਚੇ ਲਈ ਕੀਤੀਆਂ ਜਾ ਸਕਦੀਆਂ ਹਨ ਅਤੇ ਇਹ ਉਹਨਾਂ ਵਿੱਚ ਸਵੈ-ਮਾਣ ਭਰਨ ਅਤੇ ਮਨੋਬਲ ਵਧਾਉਣ ਵਿੱਚ ਮਦਦ ਕਰ ਸਕਦੀਆਂ ਹਨ। ਉਦਾਹਰਣ ਵਜੋਂ, *ਸ਼ਾਨਦਾਰ ਇਕਾਗਰਤਾ, ਬੇਨ।*

### ★ ਪ੍ਰਗਤੀ ਉੱਤੇ ਨਜ਼ਰ ਰੱਖਣੀ

ਤੁਹਾਡਾ ਬੱਚਾ ਜਿਹੜੀ ਵੀ ਨਵੀਂ ਸ਼ਬਦਾਵਲੀ ਲੱਭਦਾ ਹੈ, ਅਤੇ ਉਸ ਦੀਆਂ ਪ੍ਰਮੁੱਖ ਪ੍ਰਾਪਤੀਆਂ ਆਦਿ ਦਾ ਰਿਕਾਰਡ ਰੱਖੋ। ਉਦਾਹਰਣ ਵਜੋਂ, *ਹੈਲੇਨ ਦੀ 'ਬੱਸਲ' (bustle) ਅਤੇ 'ਪੌਂਡਰ' (ponder) ਜਿਹੇ ਸ਼ਬਦਾਂ ਵਿੱਚ ਦਿਲਚਸਪੀ ਸੀ - ਅਸੀਂ ਸ਼ਬਦਕੋਸ਼ ਵਿੱਚ ਅਰਥ ਵੇਖੇ ਜਾਂ ਏਮਿਲੀ ਨੇ 'ਡੰਡੀਆਂ' (ਫ਼ੁਲ ਸਟਾੱਪਸ) 'ਤੇ ਰੁਕਣਾ ਚੇਤੇ ਰੱਖਿਆ।*

### ★ ਅਧਿਆਪਕ ਨਾਲ ਗੱਲਬਾਤ

ਪੜ੍ਹਨ ਦੇ ਰਿਕਾਰਡ ਵਿੱਚ ਇੱਕ ਸੰਖੇਪ ਨੋਟ, ਤੁਹਾਡੇ ਬੱਚੇ ਦੇ ਕਲਾਸ ਅਧਿਆਪਕ ਨਾਲ ਗੱਲਬਾਤ ਕਰਨ ਦਾ ਇੱਕ ਪ੍ਰਭਾਵਸ਼ਾਲੀ ਢੰਗ ਹੈ। ਉਦਾਹਰਣ ਵਜੋਂ, *ਰੇਚਲ ਨੇ ਅੱਜ ਕੇਵਲ ਕੁਝ ਕੁ ਪੰਨੇ ਹੀ ਪੜ੍ਹੇ ਕਿਉਂਕਿ ਉਸ ਦੀ ਤਬੀਅਤ ਠੀਕ ਨਹੀਂ ਸੀ।*

### ★ ਪ੍ਰਸ਼ਨ ਪੁੱਛਣੇ

ਸਕੂਲ ਵਿੱਚ ਅਧਿਆਪਕ ਨਾਲ ਵਿਚਾਰ-ਵਟਾਂਦਰਾ ਕਰਨਾ ਹਮੇਸ਼ਾ ਸੰਭਵ ਨਹੀਂ ਹੁੰਦਾ, ਇਸ ਲਈ ਪ੍ਰਸ਼ਨ ਪੁੱਛਣ ਲਈ ਪੜ੍ਹਨ ਦੇ ਰਿਕਾਰਡ ਦੀ ਵਰਤੋਂ ਸੌਖਾ ਢੰਗ ਹੋ ਸਕਦਾ ਹੈ। ਉਦਾਹਰਣ ਵਜੋਂ: *ਅਸੀਂ ਸੱਚਮੁਚ ਘੋਗੇ ਦੀ ਕਹਾਣੀ ਦਾ ਆਨੰਦ ਮਾਣਿਆ, ਕਿਰਪਾ ਕਰ ਕੇ ਕੀ ਅਜਿਹੀ ਇੱਕ ਹੋਰ ਕਹਾਣੀ ਸਾਨੂੰ ਮਿਲ ਸਕਦੀ ਹੈ?*

### ★ ਔਖੇ ਸ਼ਬਦ ਨੋਟ ਕਰਨੇ

ਜੇ ਤੁਹਾਡੇ ਬੱਚੇ ਨੂੰ ਕੋਈ ਸ਼ਬਦ ਔਖਾ ਜਾਪਦਾ ਹੈ, ਤਾਂ ਅਜਿਹੇ ਸ਼ਬਦਾਂ ਦੀ ਇੱਕ ਸੂਚੀ ਬਣਾਓ ਤੇ ਅਜਿਹੇ ਸ਼ਬਦ ਆਪਣੇ ਬੱਚੇ ਨਾਲ ਪੜ੍ਹਨ ਦਾ ਅਭਿਆਸ ਹਰ ਵਾਰ ਉਸ ਸਮੇਂ ਕਰੋ, ਜਦੋਂ ਵੀ ਤੁਸੀਂ ਪੜ੍ਹਨ ਦੇ ਰਿਕਾਰਡ ਵਿੱਚ ਲਿਖਦੇ ਹੋ।

### ★ ਅਨੇਕਾਂ ਹੁਨਰਾਂ ਦਾ ਖ਼ਿਆਲ ਰੱਖਣਾ

ਦੁਹਰਾਅ ਤੋਂ ਬਚਣਾ ਅਤੇ ਹਰ ਵਾਰ ਕੁਝ ਵੱਖਰੀ ਚੀਜ਼ ਲਿਖਣ ਬਾਰੇ ਸੋਚਣਾ ਔਖਾ ਹੁੰਦਾ ਹੈ। ਮੁਸ਼ਕਿਲ ਸ਼ਬਦਾਂ ਤੋਂ ਇਲਾਵਾ *ਧਾਰਾਪ੍ਰਵਾਹਤਾ, ਦਰੁਸਤਤਾ, ਸਮਝਣ-ਸ਼ਕਤੀ , ਸੱਤਿਆ, ਪ੍ਰਗਟਾਅ, ਜੁੜਾਵ, ਸ਼ਬਦਾਵਲੀ, ਵਿਆਕਰਣ ਅਤੇ ਵਿਸ਼ਰਾਮ ਚਿੰਨ* ਜਿਹੇ ਔਖੇ ਸ਼ਬਦਾਂ ਬਾਰੇ ਟਿੱਪਣੀ ਲਿਖਣ ਦੀ ਕੋਸ਼ਿਸ਼ ਕਰੋ।



# ਸੰਘਰਸ਼ ਕਰ ਰਹੇ ਪਾਠਕਾਂ ਦੀ ਮਦਦ ਕਰਨੀ

ਜੇ ਤੁਸੀਂ ਚਿੰਤਤ ਹੋ ਕਿ ਤੁਹਾਡਾ ਬੱਚਾ ਪੜ੍ਹਨ ਨਾਲ ਸੰਘਰਸ਼ ਕਰ ਰਿਹਾ ਹੈ, ਤਦ ਤੁਸੀਂ ਇਹਨਾਂ ਵਿਚਾਰਾਂ ਲਈ ਕੋਸ਼ਿਸ਼ ਕਰ ਸਕਦੇ ਹੋ:

★ ਇਸ ਗੱਲ 'ਤੇ ਨਜ਼ਰ ਰੱਖਣ ਅਤੇ ਵਿਚਾਰ ਕਰਨ ਦੀ ਕੋਸ਼ਿਸ਼ ਕਰੋ ਕਿ ਤੁਹਾਡਾ ਬੱਚਾ ਕਿਹੜੇ ਮਾਮਲੇ ਨਾਲ ਸੰਘਰਸ਼ ਕਰ ਰਿਹਾ ਹੈ - ਕੀ ਤੁਸੀਂ ਸਮਝਦੇ ਹੋ ਕਿ ਉਹਨਾਂ ਵਿੱਚ ਕਿਸੇ ਧੁਨੀਆਂ ਦੇ ਹੁਨਰ ਦੀ ਕਮੀ ਹੈ? ਜਾਂ ਕੀ ਇਹ ਕੋਈ ਗੱਲ ਯਾਦ ਰੱਖਣ ਦਾ ਮੁੱਦਾ ਹੈ?

★ ਆਪਣੀਆਂ ਚਿੰਤਾਵਾਂ ਬਾਰੇ ਕਲਾਸ ਅਧਿਆਪਕ ਨਾਲ ਗੱਲ ਕਰੋ ਅਤੇ ਇਸ ਲਈ ਗੱਲ ਕਰਨ ਵਾਸਤੇ ਆਪਣੇ ਬੱਚੇ ਦੇ ਪੜ੍ਹਨ ਦੇ ਰਿਕਾਰਡ ਦੀ ਵਰਤੋਂ ਕਰੋ।

★ ਯਾਦ ਰੱਖੋ ਕਿ ਪੜ੍ਹਨਾ ਸਿੱਖ ਲੈਣਾ ਬੁੱਧੀਮਾਨੀ ਨੂੰ ਨਹੀਂ ਦਰਸਾਉਂਦਾ - ਇਹ ਕਿਸੇ ਵਿਸ਼ੇਸ਼ ਅਤੇ ਚੁਣੌਤੀਪੂਰਨ ਹੁਨਰਾਂ ਦੇ ਸਮੂਹ ਨੂੰ ਸਿੱਖਣ ਬਾਰੇ ਹੈ, ਇਸ ਲਈ ਥੋੜ੍ਹਾ ਸਬਰ ਰੱਖੋ ਕਿਉਂਕਿ ਇਹ ਸਭ ਇੱਕ ਰਾਤ ਵਿੱਚ ਨਹੀਂ ਹੋਵੇਗਾ।

★ ਆਪਣੇ ਬੱਚੇ ਨੂੰ ਇਹ ਅਹਿਸਾਸ ਨਾ ਹੋਣ ਦੇਵੋ ਕਿ ਉਸ ਦੇ ਸੰਘਰਸ਼ ਦੇਖ ਕੇ ਤੁਸੀਂ ਫ਼ਿਕਰਮੰਦ ਜਾਂ ਨਿਰਾਸ਼ ਹੋ। ਉਹ ਇਹਨਾਂ ਬਾਰੇ ਪਤਾ ਲਾ ਸਕਦੇ ਹਨ ਤੇ ਚਿੰਤਾ ਕਰਨੀ ਸ਼ੁਰੂ ਕਰ ਸਕਦੇ ਹਨ।

★ ਜੇ ਤੁਹਾਡਾ ਬੱਚਾ ਕਿਸੇ ਵਿਸ਼ੇਸ਼ ਸ਼ਬਦ 'ਤੇ ਫਸ ਗਿਆ ਹੈ, ਤਾਂ ਉਸ ਨੂੰ ਉਹ ਸ਼ਬਦ ਦੱਸਣ ਅਤੇ ਅੱਗੇ ਵਧਣ ਤੋਂ ਨਾ ਡਰੋ। ਹਰੇਕ 'ਰੀਡਿੰਗ ਪਲੈਨੇਟ' ਕਿਤਾਬ ਦੇ ਮੁੱਖ ਕਵਰ ਦੇ ਅੰਦਰਲੇ ਪਾਸੇ ਔਖੇ ਸ਼ਬਦਾਂ ਦੀ ਇੱਕ *ਉਪਯੋਗੀ ਸੂਚੀ ਦਿੱਤੀ* ਗਈ ਹੈ।

★ ਕਿਸੇ ਹਾਲਾਤ ਦਾ ਦਬਾਅ ਖ਼ਤਮ ਕਰ ਦੇਵੋ - ਇਕੱਠੇ ਬਹਿ ਕੇ ਪੜ੍ਹਨਾ ਜਾਂ ਦੋਵਾਂ ਦਾ ਵਾਰੀ-ਵਾਰੀ ਇੱਕ ਪੰਨਾ ਪੜ੍ਹਨਾ ਠੀਕ ਰਹਿੰਦਾ ਹੈ

★ ਸਕਾਰਾਤਮਕ ਬਣੋਂ - ਨਿੱਕੀਆਂ-ਨਿੱਕੀਆਂ ਸਫ਼ਲਤਾਵਾਂ 'ਤੇ ਵੀ ਬਹੁਤ ਜ਼ਿਆਦਾ ਤਾਰੀਫ਼ ਕਰੋ ਤੇ ਉਤਸਾਹਿਤ ਕਰੋ।

★ ਇਹ ਯਕੀਨੀ ਬਣਾਓ ਕਿ ਤੁਸੀਂ ਆਪਣੇ ਬੱਚੇ ਦੇ ਔਪਟੀਸ਼ੀਅਨ ਨਾਲ ਹੁਣ ਤੱਕ ਦੀਆਂ ਅਪੌਇੰਟਮੈਂਟਾਂ ਪੂਰੀਆਂ ਕੀਤੀਆਂ ਹਨ - ਕਈ ਵਾਰ ਨਜ਼ਰ ਸਬੰਧੀ ਮੁਸ਼ਕਿਲਾਂ ਵੱਲ ਧਿਆਨ ਨਹੀਂ ਜਾਂਦਾ ਅਤੇ ਇਸ ਨਾਲ ਪੜ੍ਹਨ ਦੇ ਹੁਨਰਾਂ 'ਤੇ ਅਸਰ ਪੈ ਸਕਦਾ ਹੈ।

★ ਜੇ ਤੁਸੀਂ ਚਿੰਤਤ ਹੋ ਕਿ ਤੁਹਾਡਾ ਬੱਚਾ ਡਿਸਲੈਕਸਿਕ ਤੋਂ ਪ੍ਰਭਾਵਿਤ ਹੋ ਸਕਦਾ ਹੈ, ਤਾਂ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ ਅਤੇ ਸਲਾਹ ਲਈ ਪੁੱਛੋ। ਹੋਰ ਸੇਧ ਲਈ www.bdadyslexia.org.uk ਵੇਖੋ।

★ ਆਪਣੇ ਬੱਚੇ ਨੂੰ ਉਸ ਦੀ ਪਸੰਦ ਤੇ ਦਿਲਚਸਪੀ ਦੇ ਲੇਖਕਾਂ, ਵਿਸ਼ਿਆਂ ਜਾਂ ਸ਼ੈਲੀਆਂ ਲੱਭਣ ਵਿੱਚ ਮਦਦ ਕਰ ਕੇ ਪੜ੍ਹਨ ਲਈ ਉਤਸਾਹਿਤ ਕਰੋ। ਪੜ੍ਹਨ ਦੇ ਤਜਰਬੇ ਬਾਰੇ ਹਾਂ-ਪੱਖੀ ਰਹਿਣਾ ਅਹਿਮ ਹੁੰਦਾ ਹੈ। ਪੜ੍ਹਨ ਲਈ ਬਹੁਤ ਜ਼ਿਆਦਾ ਤਾਰੀਫ਼ ਕਰੋ, ਭਾਵੇਂ ਤੁਹਾਡੇ ਬੱਚੇ ਨੇ ਰਸਾਲੇ ਪੜ੍ਹੇ ਹੋਣ ਜਾਂ ਸਕੂਲ ਵਿੱਚ ਪੜ੍ਹੀਆਂ ਜਾਣ ਵਾਲੀਆਂ ਪੁਸਤਕਾਂ ਤੋਂ ਇਲਾਵਾ ਹੋਰ ਕੋਈ ਟੈਕਸਟ ਪੜ੍ਹੇ ਹੋਣ।

# ਸਮੱਸਿਆਦੇ ਹੱਲ ਲਈ ਸੁਝਾਅ

**ਜਦੋਂ ਤੱਕ ਅਸੀਂ ਸਕੂਲ ਤੋਂ ਘਰ ਪੁੱਜਦੇ ਹਾਂ, ਮੇਰੀ ਧੀ ਬਹੁਤ ਜ਼ਿਆਦਾ ਥੱਕ ਗਈ ਹੁੰਦੀ ਹੈ – ਕੀ ਫੇਰ ਭੀ ਮੈਨੂੰ ਉਸ ਨਾਲ ਸੱਚਮੁਚ ਪੜ੍ਹਨਾ ਦੀ ਲੋੜ ਹੈ?**

ਸਕੂਲ ਬੱਚੇ ਨੂੰ ਥੱਕਾਣੇ ਵਾਲਾ ਹੋ ਸਕਦਾ ਹੈ ਅਤੇ ਬੱਚਿਆਂ ਨੂੰ ਘਰ ਵਿੱਚ ਖੇਡਣ ਤੇ ਆਰਾਮ ਕਰਨ ਲਈ 'ਕੁਝ ਸਮਾਂ' ਚਾਹੀਦਾ ਹੁੰਦਾ ਹੈ। ਉਸ ਹਾਲਤ ਵਿੱਚ ਉਹ ਪੜ੍ਹਨ ਦਾ ਕੋਈ ਆਨੰਦ ਨਹੀਂ ਮਾਣੇਗੀ, ਜੇ ਉਹ ਮੁਸ਼ਕਲ ਨਾਲ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖ ਸਕਦੀ ਹੈ! ਸ਼ਾਇਦ ਸਵੇਰ ਸਮੇਂ ਕੁਝ ਮਿੰਟ ਲਈ ਪੜ੍ਹਨੇ ਕੀ ਕੋਸ਼ਿਸ਼ ਕਰੋ ਜਾਂ ਪੜ੍ਹਨ ਨੂੰ ਆਪਣੇ ਵੀਕਐਂਡ ਦੀ ਰੂਟੀਨ ਦਾ ਹਿੱਸਾ ਬਣਾਓ - ਥੋੜ੍ਹਾ-ਥੋੜ੍ਹਾ ਅਤੇ ਅਕਸਰ ਕਰਨਾ ਅਹਿਮ ਹੈ।

**ਪਿਤਾ/ਮਾਂ ਹਾਂ ਤੇ ਮੈਨੂੰ ਆਪਣੇ ਪੁੱਤਰ ਦੇ ਪੜ੍ਹਨ ਵਿੱਚ ਸ਼ਾਮਲ ਹੋਣਾ ਔਖਾ ਲੱਗਦਾ ਹੈ। ਮੇਰੇ ਕੋਲ ਖ਼ੁਦ ਵੀ ਨਾਵਲ ਪੜ੍ਹਨ ਦਾ ਸਮਾਂ ਨਹੀਂ ਹੈ, ਪਰ ਮੈਂ ਇੱਕ ਵਧੀਆ ਆਦਰਸ਼ ਬਣਨਾ ਚਾਹੁੰਦਾ/ਚਾਹੁੰਦੀ ਹਾਂ। ਮੈਂ ਕੀ ਕਰ ਸਕਦਾ/ ਸਕਦੀ ਹਾਂ?**

ਤੁਹਾਨੂੰ ਇੱਕ ਵਧੀਆ ਆਦਰਸ਼ ਬਣਨ ਲਈ ਇੱਕ ਸਾਹਿਤਕ ਮਾਹਿਰ ਬਣਨ ਦੀ ਲੋੜ ਨਹੀਂ ਹੁੰਦੀ। ਅਖ਼ਬਾਰ ਜਾਂ ਰਸਾਲੇ ਪੜ੍ਹ ਕੇ ਵੀ ਤੁਸੀਂ ਆਪਣੇ ਬੱਚੇ ਨੂੰ ਦਰਸਾ ਸਕਦੇ ਹੋ ਕਿ ਪੜ੍ਹਨਾ ਰੋਜ਼ਾਨਾ ਦੇ ਰੂਟੀਨ ਦਾ ਆਨੰਦਮਈ ਹਿੱਸਾ ਹੋ ਸਕਦਾ ਹੈ। ਕੋਸ਼ਿਸ਼ ਕਰ ਕੇ ਕੋਈ ਅਜਿਹਾ ਵਿਸ਼ਾ ਲੱਭੋ, ਜਿਸ ਨੂੰ ਇਕੱਠੇ ਪੜ੍ਹ ਕੇ ਅਤੇ ਉਸ ਬਾਰੇ ਗੱਲਾਂ ਸਾਂਝੀਆਂ ਕਰ ਕੇ ਤੁਸੀਂ ਦੋਵੇਂ ਆਨੰਦ ਮਾਣੋ।

**ਮੇਰੀ ਧੀ ਇੱਕੋ 'ਬੁੱਕ ਬੈਂਡ' ਦੀਆਂ ਕਿਤਾਬਾਂ ਪੜ੍ਹਨ ਵਿੱਚ ਅਟਕੀ ਹੋਈ ਹੈਤੇ ਮੈਨੂੰ ਚਿੰਤਾ ਹੈ ਕਿ ਉਹ ਲੋੜੀਂਦੀ ਤੇਜ਼ ਪ੍ਰਗਤੀ ਨਹੀਂ ਕਰ ਰਹੀ। ਇੱਕ ਬੈਂਡ ਵਿੱਚੋਂ ਲੰਘਣ ਵਿੱਚ ਕਿੰਨਾ ਸਮਾਂ ਲੱਗਣਾ ਚਾਹੀਦਾ ਹੈ?**

ਇਸ ਦੀ ਕੋਈ ਨਿਸ਼ਚਤ ਸਮਾਂ-ਸੀਮਾ ਨਹੀਂ ਹੈ, ਇਸ ਲਈ ਜਤਨ ਕਰੋ ਤੇ ਆਪਣੀ ਬੱਚੀ ਦੀ ਪ੍ਰਗਤੀ ਦੀ ਤੁਲਨਾ ਹੋਰਨਾਂ ਬੱਚਿਆਂ ਜਾਂ ਭਰਾਵਾਂ-ਭੈਣਾਂ ਨਾਲ ਨਾ ਕਰੋ। ਤੁਹਾਡਾ ਬੱਚਾ ਭਾਵੇਂ ਆਤਮ-ਵਿਸ਼ਵਾਸ ਨਾਲ ਪੜ੍ਹਦਾ ਹੋਵੇ, ਪਰ ਅਹਿਮ ਗੱਲ ਇਹ ਹੈ ਕਿ ਉਹ ਕਿਤਾਬਾਂ ਨੂੰ ਸਮਝ ਸਕਦੇ ਹੋਣ ਅਤੇ ਨਾਲ ਹੀ ਸ਼ਬਦਾਂ ਨੂੰ ਪੜ੍ਹਨ ਦੇ ਯੋਗ ਹੋਣ। ਇਹ ਹਰੇਕ ਕਿਤਾਬ ਨੂੰ ਕਿਸੇ ਬੁੱਕ ਬੈਂਡ ਦੇ ਅੰਦਰ ਖ਼ਤਮ ਕਰ ਲੈਣ ਦੇ ਬਾਰੇ ਨਹੀਂ ਹੈ, ਇਹ ਕਹਾਣੀਆਂ ਅਤੇ ਮੂਲ-ਪਾਠ ਨੂੰ ਸਮਝਣ ਬਾਰੇਹੈ। ਬੱਚੇ ਦੇ ਅਧਿਆਪਕ ਦੇ ਫ਼ੈਸਲੇ 'ਤੇ ਭਰੋਸਾ ਕਰੋ - ਉਹ ਹਰ ਬੱਚੇ ਦੀ ਪ੍ਰਗਤੀ ਨੂੰ ਚੈੱਕ ਕਰਨਗੇ ਤੇ ਉਨ੍ਹਾਂ ਨੂੰ ਪਤਾ ਲੱਗ ਜਾਵੇਗਾ ਕਿ ਤੁਹਾਡੀ ਧੀ ਦੇ ਔਖੀਆਂ ਕਿਤਾਬਾਂ ਪੜ੍ਹਨ ਦਾ ਵੇਲਾ ਕਦੋਂ ਆਉਂਦਾ ਹੈ।

**ਮੇਰਾ ਬੱਚਾ ਮੂਲ-ਪਾਠ ਨੂੰ ਬਹੁਤ ਕਾਹਲੀ-ਕਾਹਲੀ ਪੜ੍ਹਨਾ ਚਾਹੁੰਦਾ ਜਾਪਦਾ ਹੈ ਤੇ ਅਕਸਰ ਸ਼ਬਦਾਂ ਦਾ ਅਨੁਮਾਨ ਲਾਉਂਦੇ ਸਮੇਂ ਕਾਫ਼ੀ ਗ਼ਲਤੀਆਂ ਕਰਦਾ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?**

ਤੁਹਾਨੂੰ ਸਪਸ਼ਟ ਹੋਣ ਤੇ ਆਪਣੇ ਬੱਚੇ ਨੂੰ ਹੌਲੀ ਪੜ੍ਹਨ ਲਈ ਆਖਣ ਦੀ ਲੋੜ ਹੈ। ਉਸ ਨੂੰ ਵਿਸਥਾਰ ਨਾਲ ਸਮਝਾਓ ਕਿ ਸ਼ਬਦਾਂ ਨੂੰ ਸਹੀ ਢੰਗ ਨਾਲ ਪੜ੍ਹਨ ਯੋਗ ਹੋਣਾ ਕਿੰਨਾ ਅਹਿਮ ਹੈ। ਜੇ ਉਹ ਸ਼ਬਦਾਂ ਨੂੰ ਕਾਹਲੀ ਵਿੱਚ ਪੜ੍ਹਦਾ, ਅਨੁਮਾਨ ਲਾਉਂਦਾ ਤੇ ਗ਼ਲਤੀਆਂ ਕਰਦਾ ਹੈ, ਤਾਂ ਕੀ ਉਹ ਇੰਝ ਕਰਦਿਆਂ ਮੂਲ- ਪਾਠ ਦੇ ਵਿਸ਼ੇ ਨੂੰ ਸਮਝਦਾ ਵੀ ਹੈ? ਸ਼ਬਦਾਂ ਨੂੰ ਪੜ੍ਹ ਕੇ ਉਨ੍ਹਾਂ ਦੇ ਅਰਥ ਸਮਝਣ ਦੇ ਯੋਗ ਹੋਣਾ ਅਹਿਮ ਹੁੰਦਾ ਹੈ।

# ਅਗਲੇਰੀਆਂ ਪੜ੍ਹਨ-ਸਾਮਗਰੀਆਂ

*ਹੈਲਪ ਯੂਅਰ ਚਾਇਲਡ ਲਵ ਰੀਡਿੰਗ: ਏ ਪੇਰੈਂਟ'ਸ ਗਾਈਡ*, ਐਲੀਸਨ ਡੇਵਿਡ (ਐਗਮੋਂਟ, 2014)
*Help Your Child Love Reading: A Parent's Guide*, Alison David (Egmont, 2014)

*ਰੀਡਿੰਗ ਫ਼ਾਰ ਇੰਜੌਏਮੈਂਟ: ਏ ਲਿਟਰੇਚਰ ਰੀਵਿਊ* (ਨੈਸ਼ਨਲ ਲਿਟਰੇਸੀ ਟਰੱਸਟ, 2016)
*Reading for Enjoyment: A literature review* (National Literacy Trust, 2016)

**ਸੀ.ਐਲ.ਪੀ.ਈ. ਪੜ੍ਹਾਈ ਦੇ ਪੈਮਾਨੇ** (CLPE Reading Scales)
www.clpe.org.uk/library-and-resources/reading-and-writing-scales

**ਕਾਵੈਂਟਰੀ ਯੂਨੀਵਰਸਿਟੀ - ਬੋਲਣ ਦੀ ਲਯ ਸੂਖਮਤਾ ਬਾਰੇ ਖੋਜ** (Coventry University - speech rhythm sensitivity research)
www.coventry.ac.uk/research/areas-of-research/psychology-behaviour-achievement/literacy-research/

**ਡਿਪਾਰਟਮੈਂਟ ਫਾਰ ਐਜੂਕੇਸ਼ਨ - ਰਾਸ਼ਟਰੀ ਪਾਠਕ੍ਰਮ ਮੁਲਾਂਕਣ: 2016 ਨਮੂਨੇ ਵਾਲੀਆਂ ਸਾਮਗਰੀਆਂ**
(Department for Education – National curriculum assessments: 2016 sample materials)
www.gov.uk/government/collections/national-curriculum-assessments-2016-sample-materials

**ਡਿਪਾਰਟਮੈਂਟ ਫਾਰ ਐਜੂਕੇਸ਼ਨ - ਇੰਗਲੈਂਡ ਵਿੱਚ ਰਾਸ਼ਟਰੀ ਪਾਠਕ੍ਰਮ: ਅਧਿਐਨ ਦੇ ਅੰਗਰੇਜ਼ੀ ਪ੍ਰੋਗਰਾਮ**
(Department for Education – National curriculum in England: English programmes of study)
www.gov.uk/government/publications/national-curriculum-in-england-english-programmes-of-study

**ਰੀਡਿੰਗ ਫਾਰ ਪਲੈਜ਼ਰ** (Reading for Pleasure)
www.literacytrust.org.uk/research/nlt_research/271_reading_for_pleasure_a_research_overview

***ਰੀਡਿੰਗ ਪਲੈਨੇਟ*** *(Reading Planet)*
www.risingstarsreadingplanet.com

**ਦ ਸੈਂਟਰ ਫਾਰ ਲਿਟਰੇਸੀ ਇਨ ਪ੍ਰਾਇਮਰੀ ਐਜੂਕੇਸ਼ਨ** (The Centre for Literacy in Primary Education) (**ਸੀ.ਐਲ.ਪੀਈ.** - CLPE)
www.clpe.org.uk

**ਦ ਨੈਸ਼ਨਲ ਲਿਟਰੇਸੀ ਟਰੱਸਟ** (The National Literacy Trust)
www.literacytrust.org.uk

Rising Stars
Reading Planet

# ਆਪਣੇ ਬੱਚੇ ਦੀ ਰੀਡਿੰਗ ਪਲੈਨੇਟ ਨਾਲ ਸਵੈ-ਵਿਸ਼ਵਾਸੀ ਪਾਠਕ ਬਣਨ ਵਿੱਚ ਮਦਦ ਕਰਨੀ

## Lift-off

ਸ਼ਬਦ-ਰਹਿਤ ਕਿਤਾਬਾਂ




## Rocket Phonics

ਪੂਰੀ ਤਰ੍ਹਾਂ ਵਿਆਖਿਆਯੋਗ ਪੜ੍ਹਨ ਵਾਲੀਆਂ ਕਿਤਾਬਾਂ




## COMET STREET KIDS

ਰੋਮਾਂਚਕਾਰੀ ਕਹਾਣੀਆਂ




## Galaxy

ਵਿਆਪਕ ਪੜ੍ਹਨ ਸਾਮਗਰੀਆਂ




risingstarsreadingplanet.com/parents
'ਤੇ ਹੋਰ ਵਧੇਰੇ ਸੋਧ ਅਤੇ ਮੁਫਤ ਸਹਾਇਤਾ ਬਾਰੇ ਪਤਾ ਲਗਾਓ

RISING STARS

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ 01235 400555 'ਤੇ ਕਾਲ ਕਰੋ
www.risingstars-uk.com